ੴ ਵਾਹਿਗੁਰੂ ਜੀ ਕੀ ਫ਼ਤਹਿ॥

# ਗੁਰਮਤਿ ਪ੍ਰਸਾਰ ਪੱਤਰ

ਲੜੀ/ਅੰਕ ਨੰ: 18/11

ਨਵੰਬਰ 2018 – ਨਾਨਕਸ਼ਾਹੀ ਅੱਸੂ-ਕੱਤਕ 550

## ਇਤਿਹਾਸਿਕ ਦਿਹਾੜੇ

### ਨਵੰਬਰ ਅਤੇ ਦਸੰਬਰ 2018

| | |
|---|---|
| ਜੋਤੀ ਜੋਤਿ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ | 2 ਨਵੰਬਰ |
| ਗੁਰਗੱਦੀ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | 2 ਨਵੰਬਰ |
| ਬੰਦੀ ਛੋੜ ਦਿਵਸ (ਦਿਵਾਲੀ) | 7 ਨਵੰਬਰ |
| ਗੁਰਗੱਦੀ ਦਿਵਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | 9 ਨਵੰਬਰ |
| ਜੋਤੀ ਜੋਤਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ | 12 ਨਵੰਬਰ |
| ਸ਼ਹੀਦੀ ਦਿਹਾੜਾ ਬਾਬਾ ਦੀਪ ਸਿੰਘ ਜੀ | 15 ਨਵੰਬਰ |
| ਸਥਾਪਨਾ ਦਿਵਸ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ | 16 ਨਵੰਬਰ |
| ਜਨਮ ਦਿਹਾੜਾ ਭਗਤ ਨਾਮਦੇਵ ਜੀ | 19 ਨਵੰਬਰ |
| ਪ੍ਰਕਾਸ਼ ਪੁਰਬ ਸ੍ਰੀ ਗੁਰੂ ਨਾਨਕ ਦੇਵ ਜੀ | 23 ਨਵੰਬਰ |
| ਅਕਾਲ ਚਲਾਣਾ ਭਾਈ ਮਰਦਾਨਾ ਜੀ | 28 ਨਵੰਬਰ |
| ਜਨਮ ਦਿਹਾੜਾ ਸਾਹਿਬਜ਼ਾਦਾ ਜੋਰਾਵਰ ਸਿੰਘ ਜੀ | 30 ਨਵੰਬਰ |
| ਗੁਰਗੱਦੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ | 10 ਦਸੰਬਰ |
| ਸ਼ਹੀਦੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ | 12 ਦਸੰਬਰ |
| ਜਨਮ ਸਾਹਿਬਜ਼ਾਦਾ ਫਤਿਹ ਸਿੰਘ ਜੀ | 14 ਦਸੰਬਰ |
| ਸ਼ਹੀਦੀ ਵੱਡੇ ਸਾਹਿਬਜ਼ਾਦੇ ਅਤੇ ਚਮਕੌਰ ਸਾਹਿਬ ਦੇ ਹੋਰ ਸ਼ਹੀਦ | 23 ਦਸੰਬਰ |
| ਸ਼ਹੀਦੀ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ | 28 ਦਸੰਬਰ |

www.gurmatparsar.com

ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.)

ਰਜਿਸਟਰਡ ਆਫਿਸ : #1444, ਸੈਕਟਰ 34-ਸੀ, ਚੰਡੀਗੜ੍ਹ ਫੋਨ: 98761-77803

ਕਾਰਜਕਾਰੀ ਦਫਤਰ : ਗੁਰਮਤਿ ਪ੍ਰਸਾਰ ਭਵਨ, ਛੱਜੂਮਾਜਰਾ ਰੋਡ,

ਸੰਨੀ ਇਨਕਲੇਵ ਦੇ ਸਾਹਮਣੇ, ਮੁੰਡੀ ਖਰੜ, ਫੋਨ: 0160-5009844, 94171-90438

Join us at Facebook or mail at : gurmatparsar7@gmail.com

# ਬਾਣੀ ਬਿਉਰਾ ਸ੍ਰੀ ਗੁਰੂ ਨਾਨਕ ਦੇਵ ਜੀ

## ਜਪੁਜੀ ਸਾਹਿਬ (ਅੰਗ ੧-੮)     ੧ ਮੂਲ ਮੰਤਰ, ੨ ਸਲੋਕ, ੩੮ ਪਉੜੀਆਂ

| ਲੜੀ ਨੰ: | ਰਾਗੁ ੧ | ਦੁਪਦੇ (ਅੰਗ) ੨ | ਤ੍ਰਿਪਦੇ (ਅੰਗ) ੩ | ਚਉਪਦੇ (ਅੰਗ) ੪ | ਪੰਚਪਦੇ (ਅੰਗ) ੫ | ਛੇਪਦੇ (ਅੰਗ) ੬ |
|---|---|---|---|---|---|---|
| ੧. | ਸਿਰੀ | - | ੨(੨੩,੨੫) | ੨੮(੧੪-੨੫) | ੩(੧੮,੧੯,੨੦, ੨੧) | - |
| ੨. | ਮਾਝ | - | - | - | - | - |
| ੩. | ਗਉੜੀ | - | ੨(੧੫੧, ੧੫੨) | ੧੫(੧੫੧- ੧੫੭) | ੧ (੧੫੨) | ੨ (੧੫੪, ੧੫੬) |
| ੪. | ਆਸਾ | ੨ (੩੫੭) | ੧ (੩੫੯) | ੩੦(੩੪੮- ੩੫੪) (੩੫੬-੫੭, ੩੫੮-੬੦) | ੫ (੩੫੪-੩੫੬) | ੧ (੩੫੬) |
| ੫. | ਗੁਜਰੀ | - | - | ੨ (੪੮੯) | - | - |
| ੬. | ਬਿਹਾਗੜਾ | - | - | - | - | - |
| ੭. | ਵਡਹੰਸ | - | - | ੨ (੫੫੭-੫੮) | - | - |
| ੮ | ਸੋਰਠਿ | - | - | ੯ (੫੯੫-੯੮) | ੩ (੫੯੮-੯੯) | - |
| ੯ | ਧਨਾਸਰੀ | - | - | ੭ (੬੬੦-੬੩ | ੨(੬੬੦-੬੧) | - |
| ੧੦. | ਤਿਲੰਗ | ੧ (੭੨੨) | ੧ (੭੨੧) | ੩(੭੨੧-੨੩) | - | - |
| ੧੧. | ਸੂਹੀ | - | - | ੬ (੭੨੮, ੭੨੯) (੭੩੦-੩੧) | ੧ (੭੨੯-੩੦) | ੧ (੭੨੯ -੩੦) |
| ੧੨. | ਬਿਲਾਵਲ | - | - | ੪ (੭੯੫-੯੬) | - | - |
| ੧੩. | ਰਾਮਕਲੀ | - | ੧ (੮੭੮) | ੧੦ (੮੭੬ -੭੯) | - | - |

| ਇਕਪਦਾ (ਅੰਗ) ੭ | ਅਸ਼ਟਪਦੀਆਂ (ਅੰਗ) ੮ | ਛੰਤ (ਅੰਗ) ੯ | ਸਲੋਕ (ਅੰਗ) ੧੦ | ਪਉੜੀਆਂ (ਅੰਗ) ੧੧ | ਬਾਣੀਆਂ (ਅੰਗ) ੧੨ |
|---|---|---|---|---|---|
| – | ੧੮(੫੩-੬੪, ੭੧-੭੩) | – | ੭ ਵਾਰ ਮ:੪ (੮੩,੮੪,੮੫, ੯੧) | – | ੨ ਪਹਿਰੇ (੭੪-੭੫) |
| – | ੧ (੧੦੯) | – | ੪੬ ਵਾਰ ਮ: ੧ (੧੩੭-੧੫੦) | ੨੭ ਵਾਰ ਮ: ੧ (੧੩੭-੧੫੦) | – |
| – | ੧੮(੨੨੦-੨੨੯) | ੨(੨੪੨-੨੪੩) | – | – | – |
| ੧ ਸੋਦਰ (੩੪੭-੪੮) | ੨੨(੪੧੧-੪੨੨) | ੫ (੪੩੫-੪੩੯) | ੪੫ ਵਾਰ ਮ: ੧ (੪੬੨-੭੫) | ੨੪ ਵਾਰ ਮ: ੧ (੪੬੨-੭੫) | ਪਟੀ ੩੫ ਪਦ (੪੩੨-੩੪) |
| – | ੫ (੫੦੩-੦੬) | – | – | – | – |
| – | – | – | ੨ ਵਾਰ ਮ: ੪ (੫੫੬) | – | – |
| ੧ (੨੦ਤੁਕਾਂ) | | ੨ (੫੬੫-੬੭) | ੩ (੫੯੦, ੫੯੪) | – | ੫ ਅਲਾਹਣੀਆਂ (੫੭੮-੮੨) |
| – | ੪ (੬੩੪-੩੭) | – | ੨ ਵਾਰ ਮ:੪ (੬੪੨,੬੫੩) | – | – |
| – | ੨ (੬੮੫-੮੬) | ੩(੬੮੭-੯੦) | – | – | ਆਰਤੀ (੬੬੩) |
| – | ੧ (੭੨੪-੨੫) | – | – | – | – |
| ੧(੧੧ ਤੁਕਾਂ (੭੨੯) | ੫ (੭੫੦-੫੩) | ੫(੭੬੩-੬੭) | ੨੧ ਵਾਰ ਮ:੩ (੭੮੬, ੭੮੮ - ੮੯, | – | ਕੁਚਜੀ, ੧੬ ਤੁਕਾਂ (੭੬੨) ਸੁਚਜੀ, ੧੦ ਤੁਕਾਂ (੭੬੨-੬੩) |
| – | ੨(੮੩੧-੩੨) | ੨ (੮੪੩-੪੪) | ੨ ਵਾਰ ਮ:੪ (੮੫੪) | – | ਥਿਤੀ ੨੦ ਪਦੇ (੮੩੮-੪੦) |
| – | ੯ (੯੦੨-੦੮) | – | ੧੯ ਵਾਰ ਮ:੩ (੯੫੧-੫੬) | – | ਓਅੰਕਾਰ, ੫੪ ਪਦ (੯੨੯-੩੮) ਸਿਧ ਗੋਸਟਿ, ੭੩ ਪਦ(੯੩੮-੯੪੬) |

| ਲੜੀ ਨੰ: | ਰਾਗੁ ੧ | ਦੁਪਦੇ (ਅੰਗ) ੨ | ਤ੍ਰਿਪਦੇ (ਅੰਗ) ੩ | ਚਉਪਦੇ (ਅੰਗ) ੪ | ਪੰਚਪਦੇ (ਅੰਗ) ੫ | ਛੇਪਦੇ (ਅੰਗ) ੬ |
|---|---|---|---|---|---|---|
| ੧੪ | ਮਾਰੂ | – | ੧ (੯੯੧) | ੭ (੯੮੯–੯੧, ੯੯੨) | ੩ (੯੯੦, ੯੧, ੯੨) | ੧ (੯੯੩) |
| ੧੫. | ਤਖਾਰੀ | – | – | – | – | – |
| ੧੬. | ਭੈਰਉ | – | – | ੭ (੧੧੨੫–੨੭) | | ੧ (੧੧੨੭) |
| ੧੭. | ਬਸੰਤ | – | ੧ (੧੧੭੧) | ੯ (੧੧੬੮–੭੦, ੭੧, ੭੨) | | – |
| ੧੮ | ਸਾਰੰਗ | – | – | ੩ (੧੧੯੭ –੯੮) | – | – |
| ੧੯ | ਮਲਾਰ | – | – | ੮ (੧੨੫੪ –੫੭) | ੧ (੧੨੫੫) | – |
| ੨੦ | ਪ੍ਰਭਾਤੀ | – | – | ੧੩ (੧੩੨੭– ੩੦,੩੧,੩੨) | ੪(੧੩੩੦–੩੧, ੧੩੩੨) | – |
| | ਸਲੋਕ ਸਹਸਕ੍ਰਿਤੀ | – | – | – | – | – |
| | ਸਲੋਕ ਵਾਰਾਂ ਤੇ ਵਧੀਕ | – | – | – | – | – |
| | ਕੁਲ ਜੋੜ | ੩ | ੯ | ੧੬੩ | ੨੪ | ੫ |

| ਇਕਪਦਾ (ਅੰਗ) ੭ | ਅਸ਼ਟਪਦੀਆਂ (ਅੰਗ) ੮ | ਛੰਤ (ਅੰਗ) ੯ | ਸਲੋਕ (ਅੰਗ) ੧੦ | ਪਉੜੀਆਂ (ਅੰਗ) ੧੧ | ਬਾਣੀਆਂ (ਅੰਗ) ੧੨ |
|---|---|---|---|---|---|
| – | ੧੧ (੧੦੦੮ –੧੬) | – | ੨੦(੯੮੯, ੯੯੦,੧੦੮੬– ੮੭,੮੮,੮੯, ੧੦੯੦,੯੧,੯੨, ੯੩)੧੮ ਵਾਰ ਮ:੩, ੨ ਪਦਿਆਂ ਚੋਂ) | – | ਸੋਲਹੇ ੨੨ (੧੦੨੦–੧੦੪੩) |
| – | – | ੫ (੧੧੧੦ –੧੩) | – | – | ਬਾਰਹਮਾਹ (ਛੰਤ) ੧੭ ਪਦ, (੧੧੦੭–੧੦) |
| – | – | ੧ (੧੧੫੩) | – | – | -- |
| – | – | ੮(੧੧੮੭–੯੧) | | – | --- |
| – | ੨ (੧੨੩੨ –੩੩) | – | ੩੩(੧੨੩੭ –੪੫) | – | – |
| – | ੫(੧੨੭੩–੭੬) | – | ੨੪ ਵਾਰ ਮ:੧ (੧੨੭੯, ੧੨੮੬–੯੧) | ੨੭ ਵਾਰ ਮ: ੧ (੧੨੭੮–੯੧) | – |
| – | ੭(੧੩੪੨–੪੫) | – | – | – | – |
| – | – | – | ੫ (੧੩੫੩) | – | – |
| – | – | – | ੩੨(੧੪੧੦–੧੨) ਕੁਲ ੩੩ ਸਲੋਕ ੧ ਸਲੋਕ ਨੰ: ੨੩ ਮ:੩ ੪ ਸਲੋਕ ਫ਼ਰੀਦ ਦੇ ਸਲੋਕਾਂ ਚੋਂ ਨੰ: ੩੨,੧੧੩, ੧੨੦, ੧੨੪ ੨ ਜਪੁਜੀ ਸਾਹਿਬ (੧, ੪) | | ੨੩੦ ਪਦ |
| ੩ | ੧੨੧ | ੨੪ | ੨੬੭ | ੭੮+੩੮=੧੧੬ | |

ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ ॥
ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ ॥
ਤਨੁ ਮਨੁ ਮਉਲਿਆ ਰਾਮ ਸਿਉ ਸੰਗਿ ਸਾਧ ਸਹੇਲੜੀਆਹ ॥
ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ ॥
ਤਿਨ ਦੁਖੁ ਨ ਕਬਹੂ ਉਤਰੈ ਸੇ ਜਮ ਕੈ ਵਸਿ ਪੜੀਆਹ ॥
ਜਿਨੀ ਰਾਵਿਆ ਪ੍ਰਭੁ ਆਪਣਾ ਸੇ ਦਿਸਨਿ ਨਿਤ ਖੜੀਆਹ ॥
ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ ॥
ਨਾਨਕ ਬਾਂਛੈ ਧੂੜਿ ਤਿਨ ਪ੍ਰਭ ਸਰਣੀ ਦਰਿ ਪੜੀਆਹ ॥
ਮੰਘਿਰਿ ਪ੍ਰਭੁ ਆਰਾਧਣਾ ਬਹੁੜਿ ਨ ਜਨਮੜੀਆਹ ॥੧੦॥

ਮਾਝ ਬਾਰਹਮਾਹਾ (ਮਃ ੫) – ਅੰਗ ੧੩੫

ਪਦ ਅਰਥ :- ਮੰਘਿਰਿ-ਮੰਘਰ ਵਿਚ। ਮਾਹਿ ਮਹੀਨੇ ਵਿਚ। ਪਿਰ ਸੰਗਿ - ਪਤੀ ਦੇ ਨਾਲ। ਕਿਆ ਗਣੀ-ਮੈਂ ਕੀਹ ਦੱਸਾਂ ? ਬਿਆਨ ਨਹੀਂ ਹੋ ਸਕਦੀ। ਜਿ-ਜਿੰਨ੍ਹਾਂ ਨੂੰ। ਸਾਹਿਬਿ-ਸਾਹਿਬ ਨੇ। ਰਾਮ ਸਿਉ-ਪਰਮਾਤਮਾ ਨਾਲ। ਸਾਧ ਸਹੇਲੜੀਆਹਿ ਸੰਗਿ-ਸਤ ਸੰਗੀਆਂ ਨਾਲ। ਬਾਹਰੀ-ਬਿਨਾ। ਤੇ-ਤੋਂ। ਦਿਸਹਿ-ਦਿੱਸਦੀਆਂ ਹਨ। ਖੜੀਆਹ-ਸਾਵਧਾਨ, ਸੁਚੇਤ। ਕੰਠਿ-ਗਲ ਵਿਚ (ਭਾਵ, ਹਿਰਦੇ ਵਿਚ) ਬਾਂਛੈ-ਮੰਗਦਾ ਹੈ। ਦਰਿ-ਦਰ ਉਤੇ। ਬਹੁੜਿ-ਮੁੜ, ਫਿਰ।

ਅਰਥ :- ਮੱਘਰ (ਦੇ ਠੰਢੇ-ਮਿੱਠੇ) ਮਹੀਨੇ ਵਿਚ ਉਹ ਜੀਵ-ਇਸਤ੍ਰੀਆਂ ਸੋਹਣੀਆਂ ਲੱਗਦੀਆਂ ਹਨ ਜੋ ਹਰੀ-ਪਤੀ ਦੇ ਨਾਲ ਬੈਠੀਆਂ ਹੁੰਦੀਆਂ ਹਨ। ਜਿੰਨ੍ਹਾਂ ਨੂੰ ਮਾਲਕ ਪ੍ਰਭੂ ਨੇ ਆਪਣੇ ਨਾਲ ਮਿਲਾ ਲਿਆ, ਉਹਨਾਂ ਦੀ ਸੋਭਾ ਬਿਆਨ ਨਹੀਂ ਹੋ ਸਕਦੀ। ਸਤ-ਸੰਗੀ ਸਹੇਲੀਆਂ ਦੀ ਸੰਗਤਿ ਵਿਚ ਪ੍ਰਭੂ ਦੇ ਨਾਲ (ਚਿੱਤ ਜੋੜ ਕੇ) ਉਹਨਾਂ ਦਾ ਸਰੀਰ ਉਹਨਾਂ ਦਾ ਮਨ ਸਦਾ ਖਿੜਿਆ ਰਹਿੰਦਾ ਹੈ।

ਪਰ ਜੇਹੜੀਆਂ ਜੀਵ-ਇਸਤ੍ਰੀਆਂ ਸਤਸੰਗੀਆਂ ( ਦੀ ਸੰਗਤਿ) ਤੋਂ ਵਾਂਜੀਆਂ ਰਹਿੰਦੀਆਂ ਹਨ, ਉਹ ਇਕੱਲੀਆਂ (ਛੁਟੜ) ਹੀ ਰਹਿੰਦੀਆਂ ਹਨ (ਜਿਵੇਂ ਸੜੇ ਹੋਏ ਤਿਲਾਂ ਦਾ ਬੂਟਾ ਪੈਲੀ ਵਿਚ ਨਿਖਸਮਾ ਰਹਿੰਦਾ ਹੈ। ਇਕੱਲੀ ਨਿਖਸਮੀ ਜਿੰਦ ਨੂੰ ਵੇਖ ਕੇ ਕਾਮਾਦਿਕ ਕਈ ਵੈਰੀ ਆ ਕੇ ਘੇਰ ਲੈਂਦੇ ਹਨ, ਤੇ) ਉਹਨ ਦਾ (ਵਿਕਾਰਾਂ ਤੋਂ ਉਪਜਿਆ) ਦੁੱਖ ਕਦੇ ਲਹਿੰਦਾ ਨਹੀਂ, ਉਹ ਜਮਾਂ ਦੇ ਵੱਸ ਪਈਆਂ ਰਹਿੰਦੀਆਂ ਹਨ।

ਜਿੰਨ੍ਹਾਂ ਜੀਵ-ਇਸਤ੍ਰੀਆਂ ਨੇ ਪਤੀ-ਪ੍ਰਭੂ ਦਾ ਸਾਥ ਮਾਣਿਆ ਹੈ, ਉਹ (ਵਿਕਾਰਾਂ ਦੇ ਹੱਲੇ ਵਲੋਂ) ਸਦਾ ਸੁਚੇਤ ਦਿੱਸਦੀਆਂ ਹਨ (ਵਿਕਾਰ ਉਹਨਾਂ ਉੱਤੇ ਚੋਟ ਨਹੀਂ ਕਰ ਸਕਦੇ, ਕਿਉਂਕਿ) ਪਰਮਾਤਮਾ ਦੇ ਗੁਣਾਨੁਵਾਦ ਉਹਨਾਂ ਦੇ ਹਿਰਦੇ ਵਿਚ ਪੋਤੇ ਰਹਿੰਦੇ ਹਨ, ਜਿਵੇਂ ਹੀਰੇ ਜਵਾਹਰ ਤੇ ਲਾਲਾਂ ਦਾ ਹਾਰ ਗਲ ਵਿਚ ਪਾਇਆ ਹੁੰਦਾ ਹੈ।

ਨਾਨਕ ਉਹਨਾਂ ਸਤਸੰਗੀਆਂ ਦੇ ਚਰਨਾਂ ਦੀ ਧੂੜ ਮੰਗਦਾ ਹੈ ਜੋ ਪ੍ਰਭੂ ਦੇ ਦਰ ਤੇ ਪਏ ਰਹਿੰਦੇ ਹਨ ਜੋ ਪ੍ਰਭੂ ਦੀ ਸਰਨ ਵਿਚ ਰਹਿੰਦੇ ਹਨ। ਮੰਘਰ ਵਿਚ ਪਰਮਾਤਮਾ ਦਾ ਸਿਮਰਨ ਕੀਤਿਆਂ ਮੁੜ ਜਨਮ ਮਰਨ ਦਾ ਗੇੜ ਨਹੀਂ ਵਾਪਰਦਾ।੧੦।

## ਗੁਰਪੁਰਬ ਕਿਵੇਂ ਮਨਾਈਏ...?

**ਬਲਵਿੰਦਰ ਸਿੰਘ 'ਸਾ.ਗਰ'**

ਅੱਜ ਦੇ ਯੁਗ ਵਿੱਚ ਕੇਵਲ ਉਨ੍ਹਾਂ ਕੌਮਾਂ ਦਾ ਭਵਿੱਖ ਹੀ ਰੌਸ਼ਨ ਹੈ ਜੋ ਆਪਣਾ ਵਿਰਸਾ ਅਤੇ ਇਤਿਹਾਸ ਸੰਭਾਲ ਦੀਆਂ ਹਨ। ਆਪਣੇ ਇਤਿਹਾਸ ਅਤੇ ਵਿਰਸੇ ਪ੍ਰਤੀ ਜਾਗਰੁਕ ਰਹਿੰਦੀਆਂ ਹਨ। ਆਪਣਾ ਇਤਿਹਾਸ ਅਤੇ ਵਿਰਸਾ ਆਪਣੇ ਬੱਚਿਆਂ ਨੂੰ ਦ੍ਰਿੜ ਕਰਵਾਉਂਦੀਆਂ ਹਨ। ਸਾਨੂੰ ਮਾਣ ਹੈ ਕਿ ਸਿੱਖ ਇਤਿਹਾਸ ਅਤੇ ਵਿਰਸਾ ਅਤਿ ਅਮੀਰ ਅਤੇ ਗੌਰਵਮਈ ਹੈ। ਇਸ ਸੰਸਕਾਰੀ ਵਿਰਸੇ ਅਤੇ ਇਤਿਹਾਸ ਨੂੰ ਸੰਭਾਲਣਾ, ਜਾਨਣਾ ਅਤੇ ਆਪਣੇ ਬੱਚਿਆਂ ਨੂੰ ਦੱਸਣਾ ਸਾਡਾ ਮੁੱਖ ਕੌਮੀ ਫ਼ਰਜ਼ ਹੈ।

ਗੁਰਬਾਣੀ ਦਾ ਫੁਰਮਾਨ ਹੈ -

**ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ ॥**

**ਰਾਮਕਲੀ ਕੀ ਵਾਰ:੧ (ਮਃ ੩) - ਅੰਗ ੯੫੧**

ਅੱਜ ਦੇ ਸਮੇਂ ਵਿੱਚ ਅਸੀਂ ਆਪਣਾ ਇਤਿਹਾਸ ਅਤੇ ਵਿਰਸਾ ਜਾਨਣ ਲਈ ਕੇਵਲ ਇੱਕੋ ਉਪਰਾਲਾ ਕੀਤਾ ਹੈ ਕਿ ਅਸੀਂ ਗੁਰਪੁਰਬ ਮਨਾ ਰਹੇ ਹਾਂ। ਹਰ ਗੁਰੂ ਘਰ ਅਤੇ ਸੰਸਥਾਵਾਂ ਗੁਰਪੁਰਬ ਮਨਾ ਰਹੀਆਂ ਹਨ। ਮੁਬਾਰਕ ਹੈ। ਗੁਰਪੁਰਬ ਮਨਾਉਂਣੇ ਵੀ ਚਾਹੀਦੇ ਹਨ। ਭਾਈ ਗੁਰਦਾਸ ਜੀ ਦਾ ਫੁਰਮਾਨ ਹੈ।

**ਕੁਰਬਾਣੀ ਤਿਨ੍ਹਾਂ ਗੁਰਸਿਖਾਂ ਭਾਇ ਭਗਤਿ ਗੁਰਪੁਰਬ ਕਰੰਦੇ।**

ਗੁਰ ਪੁਰਬ ਅਤੇ ਹੋਰ ਇਤਿਹਾਸਕ ਦਿਹਾੜੇ ਮਨਾਉਣਾ ਸਾਡੇ ਲਈ ਅਤਿ ਜ਼ਰੂਰੀ ਹਨ। ਸਵਾਲ ਇਹ ਹੈ ਕਿ ਕੀ ਗੁਰ ਪੁਰਬ ਮਨਾਏ ਆਪਣਾ ਮੰਤਵ ਅਤੇ ਮਕਸਦ ਪੂਰਾ ਕਰਦੇ ਹਨ ? ਜੋ ਪਰਚਾਰ ਅਤੇ ਪ੍ਰਸਾਰ ਗੁਰੂ ਦੇ ਸਿਧਾਂਤ , ਬਾਣੀ ਅਤੇ ਇਤਿਹਾਸ ਦਾ ਹੋਣਾ ਚਾਹੀਦਾ ਹੈ ਕੀ ਉਹ ਹੋ ਰਿਹਾ ਹੈ ? ਬੇਅੰਤ ਸੰਗਤਾਂ ਅਤੇ ਸਾਰੀ ਦੁਨੀਆਂ ਵਿੱਚ ਵਸਦੇ ਸਿੱਖ ਇਹ ਕਾਰਜ਼ ਤਾਂ ਕਰਦੇ ਹਨ ਪਰੰਤੂ ਕੀ ਅਸੀ ਆਪਣੇ ਪੰਥ, ਆਪਣੇ ਬੱਚਿਆਂ

ਅਤੇ ਤੀਜੀ ਦੁਨੀਆਂ ਨੂੰ ਅਪਣੇ ਸੁਨਹਿਰੀ ਵਿਰਸੇ ਸਿਧਾਂਤ ਅਤੇ ਇਤਿਹਾਸ ਬਾਰੇ ਜਾਣੂੰ ਕਰਵਾਉਣ ਵਿੱਚ ਸਫਲ ਹੋਏ ਹਾਂ ? ਜੇ ਨਹੀਂ ਤਾਂ ਫਿਰ ਵੱਡਾ ਸਵਾਲ ਹੈ ਕਿ ਅਸੀ ਗੁਰਪੁਰਬ ਅਤੇ ਹੋਰ ਦਿਹਾੜੇ ਮਨਾ ਕੇ , ਵਡੇ ਗੁਰਮਤਿ ਸਮਾਗਮ ਕਰਵਾ ਕੇ, ਲੱਖਾਂ ਰੁਪੈ ਖਰਚ ਕੇ ਕੀ ਹਾਸਲ ਕੀਤਾ । ਗੁਰਮਤਿ ਸਮਾਗਮ ਹੋਣੇ ਚਾਹੀਦੇ ਹਨ । ਇਸ ਵਿੱਚ ਕੋਈ ਕਿੰਤੂ - ਪਰੰਤੂ ਨਹੀਂ । ਪਰੰਤੂ ਇਹ ਵੀ ਯਕੀਨੀ ਬਣਾਇਆ ਜਾਣਾ ਅਤਿ ਜ਼ਰੂਰੀ ਹੈ ਕਿ ਇਹ ਸਮਾਗਮ ਕਰਵਾਕੇ ਸਿੱਖੀ ਪ੍ਰਚਾਰ ਅਤੇ ਪ੍ਰਸਾਰ ਦਾ ਆਪਣਾ ਟੀਚਾ ਵੀ ਜ਼ਰੂਰ ਪ੍ਰਾਪਤ ਕਰਨ । ਸਾਡੇ ਸਮਾਗਮਾਂ ਵਿੱਚ ਲੱਖਾਂ ਦੀ ਗਿਣਤੀ ਵਿੱਚ ਸ਼ਾਮਲ ਹੋਈ ਸੰਗਤ ਨੂੰ ਬਾਰ-ਬਾਰ ਬੜੇ ਜ਼ੋਰ ਨਾਲ ਕੁਰੀਤੀਆਂ ਪ੍ਰਤੀ ਸੁਚੇਤ ਕੀਤਾ ਜਾਵੇ ਅਤੇ ਇਨ੍ਹਾਂ ਨੂੰ ਛੇਤੀ ਤੋਂ ਪਹਿਲਾਂ ਖਤਮ ਕਰਕੇ ਖਾਲਸਈ ਰਹੁ ਰੀਤਾਂ 'ਚ' ਪਰਪੱਕ ਕੀਤਾ ਜਾਵੇ । ਅਸੀਂ ਕਿੰਨੇ ਕੁ ਸਫਲ ਹੋਏ ਹਾਂ ਇਸ ਕਾਰਜ ਵਿੱਚ ?

ਸਿੱਖੀ ਪ੍ਰਚਾਰ ਸੇਧਿਤ ਅਤੇ ਕੇਂਦਰਿਤ ਹੋਵੇ । ਨੌਜਵਾਨਾਂ ਲਈ ਅੱਲਗ ਤੋਂ ਇੱਕ ਉੱਚੇਚਾ ਪ੍ਰੋਗਰਾਮ ਬਣਾਇਆ ਜਾਵੇ । ਉਸ ਲਈ ਅੱਜ ਦੇ ਤੱਕਨੀਕੀ ਸਾਧਨਾ ਦੀ ਪੂਰੀ ਵਰਤੋਂ ਕਰਕੇ ਲਾਭ ਲਿਆ ਜਾਵੇ । ਸਿੱਖ ਸਿਧਾਂਤ ਨੂੰ ਦਸੱਦੀਆਂ CDs, Pen drives ਅਤੇ ਹੋਰ ਸਾਮਗਰੀ ਭਰਪੂਰ ਮਾਤਰਾ ਵਿੱਚ ਨਾ ਮਾਤਰ ਲਾਗਤ ਤੇ ਦਿੱਤੀ ਜਾਵੇ । ਕਿਸੇ ਲੋੜਵੰਦ ਨੂੰ ਫ੍ਰੀ ਵੀ ਦਿੱਤੀ ਜਾਵੇ । ਉਸ ਸਾਮਗਰੀ ਵਿੱਚ ਸਾਡਾ ਗੌਰਵਮਈ ਇਤਿਹਾਸ, ਜਿਸ ਵਿੱਚ ਗੁਰੂ ਇਤਿਹਾਸ, ਗੁਰੂ ਕਾਲ ਉਪਰੰਤ ਸਿੱਖਾਂ ਦੀਆਂ ਪ੍ਰਾਪਤੀਆਂ, ਜਿੱਤਾਂ, ਸਿੱਖ ਰਾਜ ਅਤੇ ਹਲੇਮੀ ਰਾਜ ਨੂੰ ਪ੍ਰਚਾਰਿਆ ਜਾਵੇ । ਨੌਜਵਾਨਾਂ ਨੂੰ ਟੋਪੀ ਪਾਉਣ, ਮੱਥਾ ਟੇਕਣ ਦਾ ਤਰੀਕਾ, ਅਤੇ ਪ੍ਰਸਾਦ ਆਦਿ ਬਾਰੇ ਜਾਗਰੁਕ ਕੀਤਾ ਜਾਵੇ । ਤਾਂ ਕਿ ਸਾਡੀ ਨੌਜਵਾਨ ਕਲ੍ਹ ਨੂੰ ਸਾਡੀਆਂ ਸੰਸਥਾਵਾਂ ਪਰੰਪਰਾਵਾਂ ਅਤੇ ਰਹੁ ਰੀਤਾ ਨੂੰ ਹੋਰ ਅੱਗੇ ਵਧਾਏ । ਆਪਣੇ ਸਿੱਖ ਹੋਣ ਤੇ ਮਾਣ ਕਰੇ । ਪਤਿਤ ਪੁਣੇ ਨੂੰ ਠਲ੍ਹ ਪਾਈ ਜਾ ਸਕੇ । ਇਹ ਸਾਰਾ ਪ੍ਰੋਗਰਾਮ ਇਸ ਤਰ੍ਹਾਂ ਨਾਲ ਸੇਧਿਤ ਹੋਵੇ ਕਿ ਛੋਟੇ ਬੱਚਿਆਂ ਲਈ Study Material, Entertainment Material, Animation films , cartoons ਆਦਿ ਸਾਮਗਰੀ ਬੱਚਿਆਂ ਦੇ ਪਧੱਰ ਦੀ ਹੋਵੇ । ਤਾਂ ਕਿ ਬਚਪਨ ਵਿੱਚ ਹੀ ਮੁੱਢਲੇ ਸਿੱਖ ਸਿਧਾਂਤ ਬੱਚੇ ਦੇ ਕੋਮਲ ਮਨ ਵਿੱਚ ਦ੍ਰਿੜ ਹੋ ਜਾਣ । ਇਨ੍ਹਾਂ ਬੱਚਿਆਂ ਦੇ Quiz ਪ੍ਰੋਗਰਾਮ ਕਰਵਾ ਕੇ, ਮੁਕਾਬਲੇ ਅਤੇ ਪ੍ਰੋਗਰਾਮ ਕਰਵਾ ਕੇ ਬੱਚਿਆਂ ਨੂੰ ਉਤਸ਼ਾਹਿਤ ਕੀਤਾ ਜਾਵੇ । ਯੋਗ ਹੋਂਸਲਾ ਵਧਾਇਆ ਜਾਵੇ । ਇਨ੍ਹਾਂ ਬੱਚਿਆਂ ਲਈ ਛੁੱਟੀਆਂ ਵਿੱਚ ਗੁਰਮਤਿ ਕਲਾਸਾਂ ਇਤਿਹਾਸਕ ਸਥਾਨਾਂ ਦੀ ਯਾਤਰਾ ਆਦਿ ਦਾ ਪ੍ਰੋਗਰਾਮ ਬਣਾਇਆ ਜਾਵੇ । Class Stationary ਰਾਹੀਂ ਵੀ ਪ੍ਰਿੰਟਿਡ ਇਤਿਹਾਸ ਬੱਚਿਆਂ ਤੱਕ ਪੁੱਜੇ ।

ਭਾਵ ਕਿ ਹਰ ਹੀਲਾ ਵਸੀਲਾ ਵਰਤ ਕੇ ਬੱਚਿਆਂ ਤੋਂ ਨੌਜਵਾਨਾਂ ਤੱਕ ਅਤੇ ਗ੍ਰਹਿਣੀਆਂ ਤੋਂ ਬਜ਼ੁਰਗਾਂ ਤੱਕ ਸਿੱਖੀ ਸਿਧਾਂਤ ਰਹੁ ਰੀਤਾ, ਪਰੰਪਰਾਵਾਂ, ਮਰਿਯਾਦਾ ਅਤੇ ਇਤਿਹਾਸ ਪੁਜਦਾ ਹੋਵੇ ।

ਆਪ ਜੀ ਨਾਲ ਯਹੂਦੀਆਂ ਦੇ ਇਤਿਹਾਸ ਦੀ ਇੱਕ ਘਟਨਾ ਸਾਂਝੀ ਕਰਦਾ ਹਾਂ ਜੀ । ਜਦੋਂ 40,000 ਹਜ਼ਾਰ ਯਹੂਦੀ ਇੱਕੋ ਦਿਨ ਵਿੱਚ ਗੈਸ ਚੈਂਬਰ 'ਚ' ਪਾ ਕੇ ਸਾੜ ਕੇ ਸਵਾਹ ਕਰ ਦਿੱਤੇ ਗਏ ਤਾਂ ਯਹੂਦੀਆਂ ਦੇ ਗੁਰੂ-ਧਾਰਮਕ ਆਗੂ ਨੇ ਯਹੂਦੀਆਂ ਨੂੰ ਆਦੇਸ਼ ਦਿਤਾ ਕਿ ਕਿਸੇ ਇੱਕ ਜਗਾ ਇੱਕਠੇ ਨਾ ਰਹਿ ਕੇ ਸਾਰੀ ਦੁਨੀਆਂ ਵਿੱਚ ਫੈਲ ਜਾਉ । ਵੱਧ ਤੋਂ ਵੱਧ ਵਿਦਿਆ ਪ੍ਰਾਪਤ ਕਰੋ । ਮਿਹਨਤ ਕਰੋ । ਕੁਝ ਸਮਾਂ ਗੁਜ਼ਰਿਆ, ਕੁਝ ਧੰਨ ਇਕੱਠਾ ਕਰਕੇ ਕੁਝ ਯਹੂਦੀ ਅਪਣੇ ਧਰਮ ਗੁਰੂ ਪਾਸ ਗਏ ਕਿ ਸਾਡੀ ਇਸ ਇੱਕਠੀ ਕੀਤੀ ਰਕਮ ਨਾਲ ਆਪਾਂ ਧਰਮ ਸਥਾਨ ਬਣਾ ਦੇਵੋ । ਪਰੰਤੂ ਧਰਮ ਗੁਰੂ ਨੂੰ ਐਸਾ ਕਰਨੋ ਨਾਂਹ ਕਰ ਦਿੱਤੀ । ਉਸ ਨੇ ਕਿਹਾ ਕਿ ਧਰਮ ਸਥਾਂਨ ਨਹੀਂ ਮੈ ਸਕੂਲ ਬਣਾਵਾਗਾਂ ਅਤੇ ਆਪਣੇ ਬੱਚਿਆਂ ਨੂੰ ਯਹੂਦੀਆਂ ਦਾ ਇਤਿਹਾਸ ਅਤੇ ਫਲਸਫਾ ਪੜਾਵਾਗਾਂ । ਉਨ੍ਹਾਂ ਨੂੰ ਪੱਕੇ ਯਹੂਦੀ ਬਣਾਵਾਂਗਾ । ਅੱਜ ਦੁਨੀਆਂ ਦੀਆਂ ਵਡੀਆਂ ਵਡੀਆਂ ਯੁਨੀਵਰਸਿਟੀਆਂ, ਆਰਥਕ , ਪ੍ਰਬੰਧਕੀ ਅਤੇ ਖੋਜ ਸਾਇੰਸ ਅਦਾਰਿਆਂ ਵਿੱਚ ਸਾਰੀ ਦੁਨੀਆਂ ਵਿੱਚ ਯਹੂਦੀ ਲੋਕ ਕਾਬਜ਼ ਹਨ । ਛੋਟੇ ਜਿਹੇ ਦੇਸ਼ ਦੀ ਛੋਟੀ ਜਿਹੀ ਕੋਮ ਸਾਰੀ ਦੁਨੀਆਂ ਵਿੱਚ ਸਭ ਤੋਂ ਵੱਧ ਸ਼ਕਤੀਸ਼ਾਲੀ, ਸਰਵ ਸੰਪਨ ਹੈ ।

ਕੀ ਅਸੀ ਅਜਿਹਾ ਨਹੀਂ ਕਰ ਸਕਦੇ ? ਗੁਰਪੁਰਬ ਤੇ ਦਿਹਾੜੇ ਜ਼ਰੂਰ ਮਨਾਓ ਪਰ ਸਾਰਥਕ ਹੋਣੇ ਚਾਹੀਦੇ ਹਨ । ਸਾਦੇ ਲੰਗਰ ਦਾਲ-ਰੋਟੀ ਵੀ ਜ਼ਰੂਰ ਕਰੋ । ਗੁਰੂ ਘਰ ਵੀ ਜ਼ਰੂਰ ਬਣਾਉ ਪਰੰਤੂ ਫਜ਼ੂਲ ਖਰਚੀ ਬੰਦ ਕਰੋ । ਇਨ੍ਹਾਂ ਫੰਡਾਂ ਨਾਲ ਸਿੱਖ ਸਕੂਲ, ਕਾਲਜ, ਤਕਨੀਕੀ ਸੰਸਥਾਵਾ, ਟ੍ਰੇਨਿੰਗ ਸੈਂਟਰ, ਹਸਪਤਾਲ, ਯੂਨੀਵਰਸਿਟੀਆਂ ਬਣਾ ਕੇ ਉਸ ਵਿੱਚ ਸਿੱਖ ਇਤਿਹਾਸ, ਸਿਧਾਂਤ ਅਤੇ ਪਰੰਪਰਾਵਾਂ ਨੂੰ ਲਾਜ਼ਮੀ ਵਿਸ਼ੇ ਵਜੋਂ ਪੜ੍ਹਾਇਆ ਜਾਵੇ । ਸਿੱਖੀ ਰਹੁ ਰੀਤਾ ਦੀ ਪਾਲਣਾ ਕਰਨਾ ਅਨੁਸ਼ਾਸਨਾਂ ਦਾ ਅੰਗ ਮੰਨਿਆ ਜਾਵੇ । ਸਾਡੇ ਪਰਿਵਾਰਾਂ ਵਿੱਚ ਦੁੱਖ-ਸੁੱਖ ਵੇਲੇ ਫੋਕਟ ਰਸਮਾਂ, ਰਹੁ ਰੀਤਾਂ ਆਦਿ ਤੋਂ ਛੁਟਕਾਰਾ ਪਾਉਣ ਲਈ ਗ੍ਰਹਿਣੀਆਂ ਲਈ ਵਿਸ਼ੇਸ਼ ਸੈਮੀਨਾਰ ਕੈਂਪ, ਕੁਇਜ਼ ਅਤੇ ਰੱਖ ਕੇ ਭੁਲੇਖੇ ਦੂਰ ਕੀਤੇ ਜਾਣ । ਫੋਕਟ ਕਰਮ ਕਾਂਡ ਛਡ ਕੇ ਗੁਰਮਤਿ ਰਹਿਣੀ ਨੂੰ ਅਪਣਾਇਆ ਜਾਵੇ ਅਤੇ ਇਤਿਹਾਸ ਅਤੇ ਗੁਰ ਸਿਧਾਂਤ ਵੱਧ ਤੋਂ ਵੱਧ ਸਾਹਿਤ Digitilize ਕਰਕੇ Apps ਅਤੇ Website ਤੇ ਪਾ ਕੇ ਤੀਜੀ ਦੁਨੀਆਂ ਤੱਕ ਪੁਜਾਇਆ ਜਾਵੇ । ਸਿੱਖਾਂ ਦੀ ਵਖਰੀ ਪਹਿਚਾਣ ਇਤਿਹਾਸ ਸਿੱਖੀ ਦੀ ਸ਼ਾਨ ਵਿੱਚ ਵਾਧਾ ਕੀਤਾ ਜਾਵੇ । Media ਰਾਹੀਂ ਫੈਲਾਇਆ ਜਾ ਰਿਹਾ ਗਲਤ ਅਤੇ ਤੱਥ ਰਹਿਤ ਇਤਿਹਾਸ ਅਤੇ ਗੁਰਬਾਣੀ ਦੇ ਗ਼ਲਤ ਅਰਥ ਆਦਿ ਦਾ ਜ਼ੋਰਦਾਰ ਖੰਡਨ ਕਰਕੇ ਸਹੀ ਪੱਖ ਉਜਾਗਰ ਕੀਤਾ ਜਾਵੇ । ਇਸੇ ਤਰ੍ਹਾਂ ਸਿਖਾਂ ਦਾ ਆਪਣੇ ਟੀ ਵੀ ਚੈਨਲ ਸ਼ੁਰੂ ਕੀਤੇ ਜਾਣ । ਜਿਥੇ ਦਿਨ ਰਾਤ ਸਿਖੀ ਪ੍ਰਚਾਰ ਅਤੇ ਪ੍ਰਸਾਰ ਕੀਤਾ ਜਾਵੇ। ਸਿਖੀ ਪ੍ਰਚਾਰ ਵਖ ਵਖ ਭਾਸ਼ਾਵਾਂ ਸਾਰੀ ਦੁਨੀਆ ਵਿਚ ਹੋਵੇ । ਦੂਰ ਦੁਰਾਡੇ ਵਸਦੇ ਗਰੀਬ ਅਤੇ ਪਛੜੇ ਇਲਾਕਿਆਂ ਵਿਚ ਵਿਸ਼ੇਸ਼ ਪ੍ਰਚਾਰ ਮਹਿੰਮ ਚਲਾ ਕੇ ਖਾਲਸਾ ਜੀ ਕਾ ਬੋਲ ਬਾਲਾ ਕੀਤਾ ਜਾਵੇ । ਜਿਵੇ ਕਿ ੧੩ ਕਰੋੜ ਦੀ ਆਬਾਦੀ ਵਾਲੇ

ਸਿਕਲੀਗਰ ਸਿਖ ਸਮਾਜ ਵਿਚ ਆਰਥਕ, ਵਿਦਿਅਕ, ਸਮਾਜਕ ਵਿਕਾਸ ਅਤੇ ਚੇਤੰਨਤਾ ਲਈ ਵਡੀ ਪਧਰ ਤੇ ਸਾਧਨ ਕੇਂਦਰਿਤ ਕੀਤੇ ਜਾਣ। ਇਸ ਤਰਾਂ ਲੋੜਵੰਦਾਂ ਦੀ ਮਦਦ ਕਰਕੇ ਵਡੀ ਸੇਵਾ ਹੋ ਸਕਦੀ ਹੈ ਅਤੇ ਗੁਰਪੁਰਬ ਮਨਾਏ ਸਫਲ ਅਤੇ ਸਾਰਥਕ ਹੋਣਗੇ।

ਇਹ ਸਭ ਕਾਰਜ਼ ਹਰ ਛੋਟੇ ਵੱਡੇ, ਗੁਰੂਦੁਆਰੇ ਅਦਾਰੇ ਅਤੇ ਸਭਾ ਸੋਸਾਇਟੀਆਂ ਰਾਹੀ ਕਰਕੇ ਹੀ ਅਸੀ ਗੁਰ ਸਿਧਾਂਤ ਤੇ ਸੰਦੇਸ਼ ਦ੍ਰਿੜ ਕਰਵਾ ਸਕਦੇ ਹਾਂ। ਉਹ ਸਾਧਨ ਜੋ ਅਸੀ ਫਜੂਲ ਖਰਚੇ ਤੇ ਵਰਤਦੇ ਹਾਂ ਇਸ ਪਾਸੇ ਲਗਾ ਕੇ ਕੌਮ ਦਾ ਭਵਿਖ ਰੋਸ਼ਨ ਹੋਵੇਗਾ ਆਉ ਇਸ ਬਾਰੇ ਪਹਿਲ ਕਦਮੀ ਆਪਣੇ ਤੋਂ ਹੀ ਸ਼ੁਰੂ ਕਰੀਏ ਜੀ।

## ਗੁਰੂ ਤੇ ਸਿੱਖ

**ਗਿ: ਸੰਤ ਸਿੰਘ ਮਸਕੀਨ**

ਸੰਸਾਰ ਦਾ ਹਰ ਜ਼ੱਰਰਾ ਆਪਣੇ ਵਿੱਚ ਇਤਨੇ ਭੇਦ ਛੁਪਾਈ ਬੈਠਾ ਹੈ ਕਿ ਖੋਜਨ ਲੱਗਿਆਂ ਕਈ ਜੀਵਨ ਲੰਘ ਸਕਦੇ ਹਨ। ਜਾਣਨ ਦੀ, ਸਿੱਖਣ ਦੀ ਬਿਰਤੀ ਹੋਵੇ ਤਾਂ ਸੰਸਾਰ ਅੰਦਰ ਸਿੱਖਣ ਵਾਸਤੇ ਬਹੁਤ ਕੁਛ ਹੈ। ਹਰ ਜ਼ੱਰਰਾ, ਹਰ ਪੱਤਾ, ਹਰ ਕੰਕਰ, ਹਰ ਜੀਵ-ਜੰਤ ਮਨੁੱਖ ਨੂੰ ਜੀਵਨ ਦੀ ਕੋਈ ਕਲਾ ਸਿਖਾ ਸਕਦਾ ਹੈ।

ਕਬੀਰ ਰਸਤੇ ਦੇ ਰੋੜੇ ਤੋਂ ਵੀ ਸੱਚ ਦੀ ਪ੍ਰੇਰਨਾ ਲੈਂਦੇ ਹਨ ਪਰ ਰੋੜ ਕਿਧਰੇ ਰਸਤੇ ਦਾ ਰੋੜ ਨਾ ਬਣ ਜਾਵੇ ਇਹ ਵੀ ਸ਼ਿਖਸ਼ਾ ਲੈਂਦੇ ਹਨ। ਪੈਰਾਂ ਦੀ ਖ਼ਾਕ ਤੋਂ ਨਿਰਮਾਨਤਾ ਦੀ ਪ੍ਰੇਰਨਾ ਲੈਂਦੇ ਹਨ ਪਰ ਹਵਾ ਦੇ ਝੋਂਕਿਆਂ ਨਾਲ ਪੈਰਾਂ ਦੀ ਖ਼ਾਕ ਉੱਡ ਕੇ ਸਰੀਰ ਤੇ ਪੈ ਕੇ ਤਨ ਨੂੰ ਮੈਲਾ ਵੀ ਕਰ ਸਕਦੀ ਹੈ। ਕਈ ਦਫ਼ਾ ਨਿਰਮਾਣ ਬੰਦਾ ਉੱਤਨੇ ਚਿਰ ਤੱਕ ਹੀ ਰਹਿੰਦਾ ਹੈ, ਜਿਤਨੇ ਤੱਕ ਹੰਕਾਰ ਪ੍ਰਗਟ ਕਰਨ ਦਾ ਅਵਸਰ ਨਾ ਮਿਲੇ। ਮੌਕਾ ਮਿਲਦਿਆਂ ਜੇ ਪੈਰਾਂ ਦੀ ਖ਼ਾਕ ਸਿਰ ਤੇ ਆਣ ਪਵੇ ਤਾਂ ਕਬੀਰ ਰਹਿੰਦੇ ਹਨ, ਐਸੀ ਖ਼ਾਕ ਦੀ ਵੀ ਲੋੜ ਨਹੀਂ। ਕਈ ਪੈਰਾਂ ਤੇ ਸਿਰ ਇਸ ਵਾਸਤੇ ਰੱਖਦੇ ਹਨ ਕਿ ਵਕਤ ਪਾ ਕੇ ਆਪਣੇ ਪੈਰ ਕਿਸੇ ਦੇ ਸਿਰ ਤੇ ਰੱਖ ਸਕਣ ਤਾਂ ਫਿਰ ਸਰਲਤਾ ਤੇ ਪਰਉਪਕਾਰ ਦੀ ਪ੍ਰੇਰਨਾ ਆਪ ਜਲ ਤੋਂ ਲੈਂਦੇ ਹਨ-ਇਹ ਪਿਆਸ ਬੁਝਾਂਦਾ ਹੈ ਤੇ ਅਪਵਿੱਤ੍ਰ ਤਨ ਨੂੰ ਇਸ਼ਨਾਨ ਰਾਹੀਂ ਨਿਰਮਲ ਕਰ ਦੇਂਦਾ ਹੈ। ਪਰ ਕਈ ਪਰਉਪਕਾਰੀ ਸੁਭੱਾ ਕਰਕੇ ਪਰਉਪਕਾਰੀ ਨਹੀਂ ਹੁੰਦੇ, ਉਂਝ ਪਰਉਪਕਾਰ ਕਰੀ ਜਾਂਦੇ ਹਨ; ਕਿਸੇ ਗ਼ਰਜ਼ ਕਰਕੇ ਯਾ ਮਜਬੂਰੀ ਕਰਕੇ। ਜਿਵੇਂ ਪਾਣੀ ਰਾਤ ਵਿੱਚ ਠੱਢਾ ਤੇ ਸੂਰਜ ਦੀਆਂ ਕਿਰਨਾਂ ਨਾਲ ਗਰਮ ਹੋ ਜਾਂਦਾ ਹੈ। ਕਈ ਸ਼ਾਂਤ ਮਨੁੱਖ ਇਸ ਵਾਸਤੇ ਸ਼ਾਂਤ ਹਨ ਕਿਉਂਕਿ ਉਨ੍ਹਾਂ ਨੂੰ ਗਰਮ ਹੋਣ ਦਾ ਮੌਕਾ ਨਹੀਂ ਮਿਲਿਆ। ਪਾਣੀ ਦਾ ਆਪਣਾ ਕੋਈ ਰੰਗ ਵੀ ਨਹੀਂ ਹੈ। ਪੀਲਾ ਰੰਗ ਪਾਈਏ ਪੀਲਾ ਹੋ ਜਾਂਦਾ ਹੈ। ਹਰਾ ਪਾਈਏ ਹਰਾ ਤੇ ਜੇ ਕਾਲਾ ਪਾਈਏ ਤਾਂ ਝੱਟ ਕਾਲਾ ਵੀ ਹੋ ਜਾਂਦਾ ਹੈ।

ਕਈ ਸਤਿਸੰਗ ਵਿੱਚ ਬੈਠੇ ਤਾਂ ਸਤਿਸੰਗੀ ਪ੍ਰਤੀਤ ਹੁੰਦੇ ਹਨ, ਪਰ ਕੁਸੰਗ ਵਿੱਚ ਬੈਠ ਕੇ ਛੇਤੀ ਕੁਸੰਗ ਦਾ ਅਸਰ ਵੀ ਕਬੂਲ ਕਰ ਲੈਂਦੇ ਹਨ। ਸੋ ਕਬੀਰ ਜੀ ਕਹਿੰਦੇ ਹਨ, ਜੈਸਾ ਪ੍ਰਮਾਤਮਾ ਹੈ ਵੈਸਾ ਹੀ ਮਨੁੱਖ ਨੂੰ ਹੋਣਾ ਚਾਹੀਏ। ਸੱਚ ਦੀ ਪ੍ਰਾਪਤੀ ਵਾਸਤੇ ਸਤਯਵਾਦੀ ਹੋਣਾ ਅਤੀ ਲਾਜ਼ਮੀ ਹੈ ਤੇ ਸੱਚ ਦੀ ਪ੍ਰੇਰਨਾ ਸੱਚ ਤੋਂ ਹੀ ਮਿਲ ਸਕਦੀ ਹੈ।

ਯਥਾ:

**ਕਬੀਰ ਰੋੜਾ ਹੋਇ ਰਹੁ ਬਾਟ ਕਾ ਤਜਿ ਮਨ ਕਾ ਅਭਿਮਾਨੁ ॥**
**ਐਸਾ ਕੋਈ ਦਾਸੁ ਹੋਇ ਤਾਹਿ ਮਿਲੈ ਭਗਵਾਨੁ ॥੧੪੬॥**

**- ਸਲੋਕ (ਭ. ਕਬੀਰ) - ਅੰਗ ੧੩੭੨**

ਸੰਸਕ੍ਰਿਤ ਦੇ ਸ਼ਿਸ਼ਯ ਸ਼ਬਦ ਦਾ ਪੰਜਾਬੀ ਰੂਪ ਸਿੱਖ ਹੈ-ਸਿਖਿਆ ਲੈਣ ਵਾਲਾ। ਮਨੁੱਖ ਦੇ ਅੰਦਰ ਸਿੱਖਣੇ ਦੀ ਰੁਚੀ ਤਾਂ ਹੈ, ਪਰ ਕੀ ਸਿੱਖੀਏ ਤੇ ਕਿਸ ਤੋਂ ਸਿੱਖੀਏ ? ਇਸ ਗੱਲ ਦੇ ਸਮਝਣ ਵਿੱਚ ਬਹੁਤੇ ਮਨੁੱਖ ਅਸਮਰਥ ਹੁੰਦੇ ਹਨ। ਉਸ ਗੁਰੂ ਦੀ ਲੋੜ ਪੈਂਦੀ ਹੈ ਜੋ ਸਹੀ ਸਿਖਿਆ ਦੇ ਸਕੇ। ਗੁਰੂ ਉਹ ਹੈ ਜੋ ਸਿਖਿਆ ਨਾਲ ਜੋੜੇ ਤੇ ਸਿਖਿਆ ਉਹ, ਜਿਸ ਵਿੱਚ ਸੱਚ ਦਾ ਨਿਰੂਪਣ ਹੋਵੇ। ਸੱਚ ਇੱਕ ਪਰਮ-ਸ਼ਕਤੀ ਹੈ, ਵਿਅਕਤੀ ਨਹੀਂ ਹੈ। ਪਰ ਕਈ ਗੁਰੂ ਗੱਲ ਤਾਂ ਸੱਚ (ਸ਼ਕਤੀ) ਦੀ ਕਰਨਗੇ, ਪਰ ਜੋੜਨਗੇ ਆਪਣੇ ਨਾਲ, ਭਾਵ ਵਿਅਕਤੀ ਨਾਲ ਜੁੜਨ ਦਾ ਵਾਤਾਵਰਣ ਬਨਾਉਣਗੇ।

ਜੈਸੇ ਪਿਆਸ ਤਾਂ ਪਾਣੀ ਨਾਲ ਹੀ ਬੁਝਣੀ ਹੈ ਪਰ ਪਾਣੀ ਜਿਸ ਘੜੇ ਵਿੱਚੋਂ, ਜਿਸ ਸਰੋਵਰ ਤੇ ਦਰਿਆ ਵਿੱਚੋਂ ਮਿਲੇ, ਉਸ ਦਾ ਧੰਨਵਾਦ ਹੈ।

ਆਤਮਿਕ ਸ਼ਾਂਤੀ ਗਿਆਨ ਤੋਂ ਬਿਨਾਂ ਹੋਣੀ ਔਖੀ ਹੈ ਪਰ ਗਿਆਨ ਜਿਸ ਥਾਂ ਤੋਂ ਮਿਲੇ ਉਸ ਦਾ ਸਤਿਕਾਰ ਹੈ। ਖ਼ਾਲੀ ਘੜਾ ਕਿਸੇ ਦੀ ਪਿਆਸ ਨਹੀਂ ਬੁਝਾ ਸਕਦਾ। ਗਿਆਨ ਤੋਂ ਹੀਣਾ ਪ੍ਰਾਣੀ ਉਸ ਦਾ ਕੀ ਸਤਿਕਾਰ ਹੋ ਸਕਦਾ ਹੈ। ਜੇ ਸਤਿਕਾਰ ਗਿਆਨ ਕਰਕੇ ਹੈ ਤਾਂ ਸਤਿਕਾਰ ਯੋਗ ਮਨੁੱਖ ਨੂੰ ਵੀ ਸਮਝ ਲੈਣਾ ਚਾਹੀਦਾ ਹੈ ਕਿ ਮੈਂ ਵੀ ਗਿਆਨ ਦਾ ਸਤਿਕਾਰ ਕਰਾਂ।

ਗਿਆਨ ਸਾਰਾ ਅੱਖਰਾਂ ਤੇ ਆਵਾਜ਼ ਦੇ ਅਧੀਨ ਹੈ। ਆਵਾਜ਼ (ਸ਼ਬਦ) ਤਾਂ ਭਾਵੇਂ ਪਸ਼ੂ-ਪੰਖੀਆਂ ਕੋਲ ਵੀ ਹੈ ਪਰ ਅੱਖਰ ਨਹੀਂ ਹਨ, ਅੱਖਰ ਨਾ ਹੋਣ ਕਰਕੇ ਪਸ਼ੂ ਪੱਛੜ ਗਏ ਹਨ, ਸਮਝਣ ਤੇ ਸਮਝਾਉਣ ਵਾਸਤੇ ਅੱਖਰ ਲਾਜ਼ਮੀ ਹਨ :

**ਅਖਰੀ ਨਾਮੁ ਅਖਰੀ ਸਾਲਾਹ ॥ ਜਪੁ (ਮਃ ੧) ਗੁਰੂ ਗ੍ਰੰਥ ਸਾਹਿਬ - ਅੰਗ ੪**

ਯਥਾ :

ਅਖਰ ਅੰਦਰ ਤ੍ਰਿਭਵਣ ਧਾਰੈ ॥

**ਬਾਵਨ ਅਛਰ ਲੋਕ ਤ੍ਰੈ ਸਭੁ ਕਛੁ ਇਨ ਹੀ ਮਾਹਿ ॥**
**ਏ ਅਖਰ ਖਿਰਿ ਜਾਹਿਗੇ ਓਇ ਅਖਰ ਇਨ ਮਹਿ ਨਾਹਿ ॥੧॥**

**– ਗਉੜੀ ਬਾਵਨ ਅਖਰੀ (ਭ. ਕਬੀਰ) – ਅੰਗ ੩੪੦**

ਆਤਮ ਪ੍ਰਕਾਸ਼ ਤਾਂ ਕਈ ਸਾਧਿਕ ਪੁਰਸ਼ਾਂ ਨੂੰ ਮਿਲ ਜਾਂਦਾ ਹੈ, ਪਰ ਅੱਖਰਾਂ ਦਾ ਬੋਧ ਨਾ ਹੋਣ ਕਰਕੇ ਕਈ ਉਸ ਪ੍ਰਕਾਸ਼ ਨੂੰ ਦੱਸਣ ਵਿੱਚ ਅਸਮਰਥ ਹੁੰਦੇ ਹਨ । ਸੰਸਾਰ ਵਿੱਚ ਐਸੇ ਅਨੰਤ ਪੁਰਸ਼ ਹੋਏ ਹਨ, ਜਿਨ੍ਹਾਂ ਨੂੰ ਪ੍ਰਮਾਤਮਾ ਦੀ ਸੋਝੀ ਮਿਲੀ । ਪਰ ਇਨ੍ਹਾਂ ਮਨੁੱਖਾਂ ਦਾ ਇਤਿਹਾਸ ਨਾ ਬਣ ਸਕਿਆ ਕਿਉਂਕਿ ਗਿਆਨ ਦੇਣ ਵਾਸਤੇ ਅੱਖਰੀ ਬੋਧ ਲਾਜ਼ਮੀ ਹੈ । ਭੋਜਨ ਬਨਾਉਣ ਤੇ ਵੰਡਣ ਵਾਸਤੇ ਭਾਂਡਿਆਂ ਦਾ ਹੋਣਾ ਲਾਜ਼ਮੀ ਹੈ । ਤਿਵੇਂ ਸਮਝਣ ਤੇ ਸਮਝਾਉਣ ਵਾਸਤੇ ਅੱਖਰ ਚਾਹੀਦੇ ਹਨ, ਪਰ ਜਿਵੇਂ ਖ਼ਾਲੀ ਭਾਂਡਿਆਂ ਨਾਲ ਭੁੱਖ ਨਹੀਂ ਮਿਟਦੀ, ਤਿਵੇਂ ਹੀ ਖ਼ਾਲੀ ਅੱਖਰ, ਕੋਰੇ ਅੱਖਰ ਯਾ ਜਿਨ੍ਹਾਂ ਅੱਖਰਾਂ-ਰੂਪੀ ਭਾਂਡਿਆਂ ਵਿੱਚ ਗ਼ਲਤ ਪਦਾਰਥ (ਗੱਲਾਂ) ਪਿਆ ਹੋਵੇ ਉਸ ਤੋਂ ਆਤਮ-ਤ੍ਰਿਪਤੀ ਮਿਲਣੀ ਔਖੀ ਹੈ । ਸੰਸਾਰ ਦੀ ਸਾਰੀ ਸੋਝੀ ਅੱਖਰਾਂ ਤੇ ਆਵਾਜ਼ ਦੇ ਆਸਰੇ ਤੇ ਖੜੀ ਹੈ ।

ਤੰਗ ਤਾਰੀਕ ਇੱਕ ਪਹਾੜੀ ਦਰਾਂ ਵਿਚੋਂ ਮਨੁੱਖ ਲੰਘਿਆ ਜਾ ਰਿਹਾ ਹੈ । ਅਚਨਚੇਤ ਉਸ ਨੇ ਨਾਲ ਦੇ ਸਾਥੀ ਨੂੰ ਕਿਹਾ ਕਿ ਸਾਹਮਣੇ ਦਰਿਆ ਹੈ-ਸਾਥੀ ਪੁੱਛਣ ਲੱਗਾ, ਤੈਨੂੰ ਦਿੱਸ ਪਿਆ ਹੈ ? ਕਹਿੰਦਾ ਹੈ ਨਹੀਂ, ਆਵਾਜ਼ ਆ ਰਹੀ ਹੈ । ਪੱਥਰਾਂ ਤੋਂ ਪਾਣੀ ਦੇ ਡਿੱਗਣ ਨਾਲ ਜੋ ਧੁਨ ਸ਼ਬਦ ਪੈਦਾ ਹੋ ਰਿਹਾ ਸੀ, ਉਸ ਆਵਾਜ਼ ਤੋਂ ਬੋਧ ਹੋ ਗਿਆ।

ਘਰ ਦੇ ਵਿਹੜੇ ਵਿੱਚ ਖੇਡ ਰਿਹਾ ਬਾਲਕ ਮਾਂ ਨੂੰ ਕਹਿਣ ਲੱਗਾ ਕਿ ਬੂਹਾ ਖੋਲ੍ਹੋ, ਬਾਹਰ ਪਿਤਾ ਜੀ ਖੜੇ ਹਨ । ਬੱਚੇ ਨੂੰ ਆਵਾਜ਼ ਤੋਂ ਆਪਣੇ ਪਿਤਾ ਦਾ ਬੋਧ ਹੋਇਆ ।

ਰਾਤ ਸੁੱਤਿਆਂ ਪਿਆਂ ਕਿਸੇ ਖੜਾਕ ਤੋਂ ਚੋਰਾਂ ਦਾ ਪਤਾ ਚਲ ਜਾਂਦਾ ਹੈ । ਇੱਕ ਐਸੀ ਆਵਾਜ਼ (ਸ਼ਬਦ) ਵੀ ਹੈ, ਜਿਸ ਤੋਂ ਕ੍ਰਿਤ ਦਾ ਨਹੀਂ, ਕਰਤੇ ਦਾ ਪਤਾ ਚਲਦਾ ਹੈ ।

ਆਵਾਜ਼ ਦੋ ਤਰ੍ਹਾਂ ਦੀ ਮੰਨੀ ਗਈ ਹੈ-ਆਹਤ ਤੇ ਅਨਾਹਦ । ਜੋ ਆਵਾਜ਼ ਦੋ ਵਸਤੂਆਂ ਦੇ ਟਕਰਾਓ ਤੋਂ ਪੈਦਾ ਹੋਵੇ, ਉਹ ਆਹਤ ਹੈ ਤੇ ਜੋ ਆਪੇ ਪੈਦਾ ਹੋਵੇ ਉਸ ਨੂੰ ਅਨਾਹਦ ਆਖਦੇ ਹਨ । ਆਹਤ ਸ਼ਬਦ ਦੇ ਜਾਪ ਨਾਲ ਅਨਾਹਦ ਸ਼ਬਦ ਨੂੰ ਪੈਦਾ ਕਰਨਾ ਹੈ ।

ਜਦ ਮਨੁੱਖ ਮੂੰਹੋਂ ਧੁਨ ਅਲਾਪੇ ਤੇ ਉਸ ਵਿੱਚ ਧਿਆਨ ਜੋੜੇ ਤਾਂ ਪ੍ਰਮਾਤਮਾ ਦੀ ਅਕਥ ਕਥਾ ਦਾ ਪਤਾ ਚਲ ਜਾਂਦਾ ਹੈ:

**ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ ਗੁਰਮੁਖਿ ਅਕਥ ਕਹਾਨੀ॥੩॥**

**ਰਾਮਕਲੀ (ਮਃ ੧) – ਅੰਗ ੮੭੯**

ਜਦ ਧੁਨ (ਸ਼ਬਦ) ਵਿੱਚ ਧਿਆਨ ਜੋੜ ਕੇ ਹੀ ਉਸ ਸਿਰਜਨਹਾਰ ਨੂੰ ਜਾਣਨਾ ਹੈ ਤਾਂ ਧੁਨ (ਸ਼ਬਦ) ਹੀ ਗੁਰੂ ਹੈ ।

ਅਗਰ ਇੱਕ ਵਿਅਕਤੀ ਸਿੰਘਾਸਨ ਤੇ ਬੈਠ ਕੇ ਉਪਦੇਸ਼ ਕਰੇ ਤਾਂ ਸਵਾਲ ਪੈਦਾ ਹੁੰਦਾ ਹੈ ਕਿ ਹਿਰਦੇ ਵਿੱਚ ਉਪਦੇਸ਼ ਨੂੰ ਵਸਾਉਣਾ ਹੈ ਯਾ ਉਪਦੇਸ਼ਕ ਨੂੰ ? ਸਿਆਣੇ ਮਨੁੱਖ ਨੇ ਕਹਿ ਦੇਣਾ ਹੈ ਕਿ ਉਪਦੇਸ਼ ਨੂੰ ਵਸਾਉਣਾ ਨਾਲ ਹੀ ਜੀਵਨ ਸਫ਼ਲ ਹੋਵੇਗਾ । ਤਾਂ ਫਿਰ ਉਪਦੇਸ਼ ਹੀ ਗੁਰੂ ਬਣਿਆ, ਤੇ ਉਪਦੇਸ਼ ਸ਼ਬਦ ਤਾਂ ਅੱਖਰਾਂ ਦੇ ਆਸਰੇ ਤੇ ਹੀ ਦਿੱਤਾ ਜਾ ਸਕਦਾ ਹੈ:

**ਸੁਨਿ ਉਪਦੇਸੁ ਹਿਰਦੈ ਬਸਾਵਹੁ ॥**
**ਮਨ ਇਛੇ ਨਾਨਕ ਫਲ ਪਾਵਹੁ ॥੫॥ ਅੰਗ ੨੯੩**

ਆਹਤ ਸ਼ਬਦ ਗੁਰੂ ਦੇ ਆਸਰੇ ਤੇ ਅਨਾਹਦ ਸ਼ਬਦ ਗੁਰੂ ਨੂੰ ਪ੍ਰਗਟ ਕਰਨਾ ਹੈ । ਜਦ ਗੁਰਬਾਣੀ ਦਾ ਜਾਪ ਤੇ ਇੱਕ ਅੱਖਰ ਵਾਹਿਗੁਰੂ ਦਾ ਜਾਪੁ ਖ਼ੁਦ ਧਿਆਨ ਦਾ ਸੰਬੰਧ ਜੋੜ ਕੇ ਕੀਤਾ ਜਾਵੇ ਤਾਂ ਉਹ ਅਨਾਹਦ ਸ਼ਬਦ ਗੁਰੂ ਪ੍ਰਗਟ ਹੋ ਜਾਂਦਾ ਹੈ :

**ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ ਬਾਹੁੜਿ ਜਨਮਿ ਨ ਆਵਾ ॥੧॥**

**ਬਿਲਾਵਲੁ (ਮਃ ੧) – ਅੰਗ ੭੯੫**

ਅਥਵਾ

**ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥ ਅੰਗ ੯੪੩**

ਸ਼ਬਦ–ਗਿਆਨ ਨੂੰ ਗੁਰੂ ਬਣਾ ਕੇ ਆਤਮਾ ਨੂੰ ਉਪਦੇਸ਼ ਕਰਨਾ ਹੈ ਤਾਂ ਜੋ ਮਨ ਸ਼ਬਦ–ਗਿਆਨ ਨਾਲ ਜੁੜ ਕੇ ਅਕਾਲ ਵਿੱਚ ਲੀਨ ਹੋ ਸਕੇ :

**ਗਿਆਨ ਗੁਰੂ ਆਤਮ ਉਪਦੇਸਹੁ ਨਾਮ ਬਿਭੂਤ ਲਗਾਓ ॥੧॥**

**ਧੰਨਵਾਦਿ ਸਾਹਿਤ ਵਿਚੋਂ :– ਗੁਰੂ–ਚਿੰਤਨ**

# ਸਿਮਰਨ

**ਡਾ. ਕੰਵਰਜੀਤ ਸਿੰਘ**

ਸਿਮਰਨ ਸ਼ਬਦ ਸੰਸਕ੍ਰਿਤ ਦੇ 'ਸਮਰਣ' ਤੋਂ ਨਿਕਲਿਆ ਦੱਸਿਆ ਜਾਂਦਾ ਹੈ । ਇਸਦਾ ਅਰਥ ਹੈ ਯਾਦ ਕਰਨਾ । ਵੈਸੇ ਤਾਂ ਯਾਦ ਕਿਸੇ ਨੂੰ ਵੀ ਕੀਤਾ ਜਾ ਸਕਦਾ ਹੈ । ਪਰ ਆਮ ਤੌਰ ਤੇ ਮਨੁੱਖ ਉਸ ਨੂੰ ਯਾਦ ਕਰਦਾ ਹੈ ਜਿਹੜਾ ਉਸ ਨੂੰ ਚੰਗਾ ਲੱਗੇ ਮਾੜੀ ਚੀਜ਼ ਨੂੰ ਹਰ ਕੋਈ ਭੁਲਾ ਕੇ ਹੀ ਖੁਸ਼ ਹੈ, ਯਾਦ ਰੱਖ ਕੇ ਨਹੀਂ । ਸੋ ਸਿੱਧੇ ਸ਼ਬਦਾਂ ਵਿੱਚ ਕੇਵਲ ਪਿਆਰੀ ਚੀਜ਼ ਨੂੰ ਹੀ ਪਿਆਰ ਕੀਤਾ ਜਾਂਦਾ ਹੈ । ਯਾਦ ਕਰਨ ਲਈ ਇੱਕ ਗੱਲ ਹੋਰ ਵੀ ਜ਼ਰੂਰੀ ਹੈ – ਉਹ ਇਹ ਕਿ ਯਾਦ ਕੇਵਲ ਉਸ ਨੂੰ ਹੀ ਕੀਤਾ ਜਾਂਦਾ ਹੈ ਜੋ ਵਸਤੂ ਸਾਡੇ ਪਾਸ ਨਾ ਹੋਵੇ, ਭਾਵ ਸਾਡੇ ਤੋਂ ਵਿਛੜੀ ਹੋਵੇ, ਸਾਡੇ ਤੋਂ ਦੂਰ ਹੋਵੇ ।

ਸਿੱਖ ਧਰਮ ਦੇ ਅਨੁਸਾਰ ਜੀਵ ਪ੍ਰਮਾਤਮਾ ਤੋਂ ਵਿਛੜ ਕੇ ਆਇਆ ਹੈ ਅਤੇ ਉਸ ਦਾ ਲਖਸ਼ ਉਸ ਵਿੱਚ ਸਮਾ ਜਾਣਾ ਹੈ ਕਿਉਂਕਿ ਉਹ ਹੀ ਉਸ ਦਾ ਸੋਮਾ ਹੈ । ਗੁਰਬਾਣੀ ਅਨੁਸਾਰ ਪ੍ਰਮਾਤਮਾ ਹੀ ਸਭ ਤੋਂ ਪਿਆਰੀ ਵਸਤੂ ਹੈ ਜਿਸਨੂੰ ਪ੍ਰਾਪਤ ਕਰਨਾ ਮਨੁੱਖ ਦਾ ਅੰਤਮ ਲਖਸ਼ ਹੈ ਜਿਵੇਂ ਕਿ ਗੁਰੂ ਅਰਜਨ ਸਾਹਿਬ ਜੀ ਰਾਗ ਆਸਾ ਵਿੱਚ ਫੁਰਮਾਨ ਕਰਦੇ ਹਨ:

**ਭਈ ਪਰਾਪਤਿ ਮਾਨੁਖ ਦੇਹੁਰੀਆ ॥**
**ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥ ਅੰਗ ੧੨**

ਮਨੁੱਖ ਪ੍ਰਮਾਤਮਾ ਤੋਂ ਵਿਛੜ ਕੇ ਆਇਆ ਹੈ । ਕੁਦਰਤ ਵਿੱਚ ਹਰ ਵਸਤੂ ਆਪਣੇ ਸੋਮੇ ਵਿੱਚ ਸਮਾ ਜਾਣਾ ਚਾਹੁੰਦੀ ਹੈ । ਪਾਣੀ ਦਾ ਸੋਮਾ ਸਮੁੰਦਰ ਹੈ ਇਸ ਕਰਕੇ ਸਾਰੀ ਧਰਤੀ ਦਾ ਪਾਣੀ ਸਮੁੰਦਰ ਵਲ, ਭਾਵ ਨਿਵਾਣ ਵਲ ਹੀ ਵਗਦਾ ਹੈ ਅੱਗ ਵਿਚੋਂ ਨਿਕਲੇ ਚੰਗਿਆੜੇ ਵਾਪਸ ਅੱਗ ਵਿੱਚ ਸਮਾਣਾ ਚਾਹੁੰਦੇ ਹਨ, ਇਹ ਗਲ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਬਖੂਬੀ ਬਿਆਨ ਕੀਤੀ ਹੈ :

**ਜੈਸੇ ਏਕ ਆਗ ਤੇ ਕਨੂਕਾ ਕੋਟਿ ਆਗਿ**
**ਉਠੈ ਨਿਆਰੇ ਨਿਆਰੇ ਹੁਇ ਕੈ ਫੇਰਿ ਆਗ ਮੈ ਮਿਲਾਹਿੰਗੇ ॥**

ਇਸੇ ਤਰ੍ਹਾਂ ਉਹ ਕਹਿੰਦੇ ਹਨ ਕਿ ਇਹ ਵਿਸ਼ਵ ਪ੍ਰਮਾਤਮਾ ਤੋਂ ਨਿਕਲਿਆ ਹੈ ਅਤੇ ਉਸ ਵਿੱਚ ਹੀ ਸਮਾ ਜਾਣਾ ਇਸਦਾ ਪਰਮ ਲਖਸ਼ ਹੈ:

**ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ**
**ਤਾਹੀ ਤੇ ਉਪਜਿ ਸਬੈ ਤਾਹੀ ਮੈ ਸਮਾਹਿੰਗੇ ॥੧੭॥੮੭॥**

ਸੋ ਸਾਡਾ ਵੀ ਧਰਮ ਲਖਸ਼ ਹੈ, ਵਿਛੜੇ ਹੋਏ ਪ੍ਰਮਾਤਮਾ ਵਿੱਚ ਸਮਾ ਜਾਣਾ । ਇਸ ਦਾ ਇੱਕ ਹੀ ਤਰੀਕਾ ਗੁਰੂ ਸਾਹਿਬ ਪੰਜਵੇਂ ਪਾਤਸ਼ਾਹ ਕਹਿ ਰਹੇ ਹਨ ਕਿ ਸਾਧੂ ਦੀ ਸੰਗਤ ਕਰਦਿਆਂ ਹੋਇਆਂ ਉਸਦੀ ਯਾਦ ਨਾਲ ਭਾਵ ਸਿਮਰਨ ਨਾਲ ਹੀ ਅਜਿਹਾ ਸੰਭਵ ਹੈ :

**ਅਵਰਿ ਕਾਜ ਤੇਰੈ ਕਿਤੈ ਨ ਕਾਮ ॥**
**ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥੧॥ ਅੰਗ ੧੨**

ਸਿਮਰਨ ਨੂੰ ਨਾਮ ਜਪਣਾ ਵੀ ਕਿਹਾ ਗਿਆ ਹੈ। ਪ੍ਰਭੂ ਦੀ ਸੇਵਾ ਵੀ ਸਿਮਰਨ ਹੀ ਹੈ। ਤਾਂਹੀ ਤਾਂ ਚੌਥੇ ਪਾਤਸ਼ਾਹ ਦਾ ਫੁਰਮਾਨ ਹੈ ਕਿ :

**ਜੋ ਸੇਵਹਿ ਜੋ ਸੇਵਹਿ ਤੁਧੁ ਜੀ ਜਨੁ ਨਾਨਕੁ ਤਿਨ ਕੁਰਬਾਣਾ ॥੨॥**
**ਸੋਪੁਰਖੁ ਆਸਾ (ਮः ੪) – ਅੰਗ ੧੧**

ਬਾਣੀ ਵਿੱਚ ਕੀਰਤ, ਕਥਾ, ਕੀਰਤਨ, ਆਦਿ ਸ਼ਬਦ ਵੀ ਨਾਮ ਸਿਮਰਨ ਲਈ ਹੀ ਵਰਤੇ ਗਏ ਹਨ ਜਿਵੇਂ :

**ਕੀਰਤਨ ਨਾਮੁ ਸਿਮਰਤ ਰਹਉ ਜਬ ਲਗੁ ਘਟਿ ਸਾਸੁ ॥੧॥ ਰਹਾਉ ॥**
**ਬਿਲਾਵਲੁ (ਮः ੫) – ਅੰਗ ੮੧੯**

ਸੋ ਸਿਮਰਨ ਹੀ ਇੱਕੋ ਇੱਕ ਅਜਿਹੀ ਵਿਧੀ ਹੈ ਜਿਸ ਨਾਲ ਪ੍ਰਮਾਤਮਾ ਵਿੱਚ ਮੁੜ ਸਮਾਇਆ ਜਾ ਸਕਦਾ ਹੈ। ਗੁਰੂ ਅਮਰਦਾਸ ਸਾਹਿਬ ਫੁਰਮਾਉਂਦੇ ਹਨ ਕਿ ਉਸਦੇ ਗੁਣ ਕਹਿ ਕਹਿ ਕੇ ਭਾਵ ਸਿਮਰ ਕੇ ਉਸ ਵਿੱਚ ਸਮਾਇਆ ਜਾ ਸਕਦਾ ਹੈ :

**ਗੁਰਮੁਖਿ ਹੋਵੈ ਸੋਈ ਬੂਝੈ ਗੁਣ ਕਹਿ ਗੁਣੀ ਸਮਾਵਣਿਆ ॥੧॥**
**ਮਾਝ (ਮः ੩) – ਅੰਗ ੧੧੦**

ਗੁਰਬਾਣੀ ਅਨੁਸਾਰ ਪ੍ਰਮਾਤਮਾ ਦਾ ਸਿਮਰਨ ਕਰਨਾ ਮਨੁੱਖ ਲਈ ਸਭ ਤੋਂ ਜ਼ਰੂਰੀ ਕੰਮ ਹੈ। ਮਨੁੱਖ ਸਿਮਰਨ ਕਰਨ ਲਈ ਹੀ ਦੁਨੀਆਂ ਵਿੱਚ ਆਇਆ ਹੈ ਕਿਉਂਕਿ ਕੇਵਲ ਮੱਨੁਖਾਂ ਜਨਮ ਵਿੱਚ ਹੀ ਇਹ ਕੰਮ ਕੀਤਾ ਜਾ ਸਕਦਾ ਹੈ। ਇਹੀ ਕਾਰਨ ਹੈ ਕਿ ਦੇਵਤੇ ਵੀ ਮਨੁੱਖਾ ਜਨਮ ਪ੍ਰਾਪਤ ਕਰਨਾ ਲੋਚਦੇ ਹਨ :

**ਇਸ ਦੇਹੀ ਕਉ ਸਿਮਰਹਿ ਦੇਵ ॥ ਸੋ ਦੇਹੀ ਭਜੁ ਹਰਿ ਕੀ ਸੇਵ ॥੧॥**
**– ਭੈਰਉ (ਭ. ਕਬੀਰ) – ਅੰਗ ੧੧੫੯**

ਤੇ ਜੇ ਫਿਰ ਵੀ ਮਨੁੱਖ ਸਿਮਰਨ ਕਰਨ ਦੀ ਕੋਸ਼ਿਸ਼ ਨਾ ਕਰੇ ਤਾਂ ਗੁਰੂ ਸਾਹਿਬਾਨ ਨੇ ਅਜਿਹੇ ਜਨਮ ਨੂੰ ਧਿੱਕਾਰ ਯੋਗ ਕਿਹਾ ਹੈ, ਅਜਿਹਾ ਜੀਵਨ ਨਿਰਰਥਕ ਹੋ ਜਾਂਦਾ ਹੈ। ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਕਿ ਬਿਨਾਂ ਸਿਮਰਨ ਤੋਂ ਜੋ ਮਨੁੱਖ ਰਸਾਂ ਕਸਾਂ ਦੇ ਭੋਗ ਕਰੀ ਜਾਂਦਾ ਹੈ ਤਾਂ ਉਸਦਾ ਜੀਵਨ ਉਸ ਪਸ਼ੂ ਸਮਾਨ ਹੈ ਜੋ ਜੂਠ ਵਿੱਚ ਹੀ ਮੂੰਹ ਪਾਂਦਾ ਹੈ :

**ਜਿਤੁ ਮੁਖਿ ਨਾਮੁ ਨ ਊਚਰਹਿ ਬਿਨੁ ਨਾਵੈ ਰਸ ਖਾਹਿ ॥**
**ਨਾਨਕ ਏਵੈ ਜਾਣੀਐ ਤਿਤੁ ਮੁਖਿ ਥੁਕਾ ਪਾਹਿ ॥੧॥**
**ਆਸਾ ਕੀ ਵਾਰ (ਮः ੧) – ਅੰਗ ੪੭੩**

ਅਤੇ ਗੁਰੂ ਅਰਜਨ ਸਾਹਿਬ ਦਾ ਵਾਕ ਹੈ

**ਨਾਮ ਬਿਨਾ ਜੋ ਪਹਿਰੈ ਖਾਇ ॥ ਜਿਉ ਕੂਕਰੁ ਜੂਠਨ ਮਹਿ ਪਾਇ ॥੧॥**
**– ਗਉੜੀ (ਮਃ ੫) – ਅੰਗ ੨੪੦**

ਭਗਤ ਕਬੀਰ ਜੀ ਅਤੇ ਗੁਰੂ ਰਾਮਦਾਸ ਸਾਹਿਬ ਨੇ ਵੀ ਸਿਮਰਨ ਨਾ ਕਰਨ ਵਾਲਿਆਂ ਪ੍ਰਤੀ ਬਹੁਤ ਸਖਤ ਸ਼ਬਦਾਵਲੀ ਵਰਤੀ ਹੈ। ਆਪ ਜੀ ਨੇ ਤਾਂ ਇਥੋਂ ਤੱਕ ਫੁਰਮਾਇਆ ਹੈ ਕਿ ਜਿਸ ਮਾਂ ਦਾ ਪੁੱਤਰ ਨਾਮ ਲੇਵਾ ਨਹੀਂ ਬਣਦਾ, ਇਸ ਨਾਲੋਂ ਤਾਂ ਉਹ ਵਿਧਵਾ ਮਾਂ ਬਾਂਝ ਹੀ ਹੋ ਜਾਂਦੀ ਤਾਂ ਚੰਗੀ ਸੀ:

**ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ ॥**
**ਬਿਧਵਾ ਕਸ ਨ ਭਈ ਮਹਤਾਰੀ ॥੧॥ਗਉੜੀ (ਭ. ਕਬੀਰ) ਅੰਗ ੩੨੮**

**ਅਤੇ**

**ਜਿਨ ਹਰਿ ਹਿਰਦੈ ਨਾਮੁ ਨ ਬਸਿਓ ਤਿਨ ਮਾਤ ਕੀਜੈ ਹਰਿ ਬਾਂਝਾ ॥**
**ਜੈਤਸਰੀ (ਮਃ ੪) – ਅੰਗ ੬੯੭**

ਬਿਨਾਂ ਸਿਮਰਨ ਦਾ ਜੀਵਨ ਬਾਣੀ ਅਨੁਸਾਰ ਸੱਪ ਵਰਗਾ ਵੀ ਦੱਸਿਆ ਗਿਆ ਹੈ ਜੋ ਕ੍ਰੋਧ ਦੇ ਚੰਗਿਆੜੇ ਹੀ ਛੱਡਦਾ ਰਹਿੰਦਾ ਹੈ ਅਤੇ ਇਸੇ ਵਿੱਚ ਉਸਦਾ ਸ਼ਰੀਰ ਵੀ ਸੜਦਾ ਰਹਿੰਦਾ ਹੈ। ਗੁਰੂ ਅਰਜਨ ਸਾਹਿਬ ਦਾ ਫੁਰਮਾਨ ਹੈ:

**ਬਿਨੁ ਸਿਮਰਨ ਜੋ ਜੀਵਨੁ ਬਲਨਾ ਸਰਪ ਜੈਸੇ ਅਰਜਾਰੀ ॥**
**ਟੋਡੀ (ਮਃ ੫) – ਅੰਗ ੭੧੨**

ਭਗਤ ਕਬੀਰ ਜੀ ਫੁਰਮਾਉਂਦੇ ਹਨ ਕਿ ਜਿਸ ਮਨੁੱਖ ਨੇ ਪ੍ਰਮਾਤਮਾ ਦਾ ਸਿਮਰਨ ਜਾਂ ਭਗਤੀ ਨਹੀਂ ਕੀਤੀ ਉਹ ਜੰਮਦੇ ਹੀ ਕਿਉਂ ਨਾ ਮਰ ਗਿਆ :

**ਜਿਹ ਨਰ ਰਾਮ ਭਗਤਿ ਨਹਿ ਸਾਧੀ ॥**
**ਜਨਮਤ ਕਸ ਨ ਮੁਓ ਅਪਰਾਧੀ ॥੧॥ ਰਹਾਉ ॥**
**ਗਉੜੀ (ਭ. ਕਬੀਰ) – ਅੰਗ ੩੨੮**

ਨਾਲ ਹੀ ਉਨ੍ਹਾਂ ਦਾ ਫੁਰਮਾਨ ਹੈ ਕਿ ਨਾਮ ਤੋਂ ਬਿਨਾਂ ਅਜਿਹੇ ਪ੍ਰਾਣੀ ਦਾ ਸਰੂਪ ਵੀ ਬਹੁਤ ਕੋਝਾ ਹੈ, ਕਰੂਪ ਹੈ :

**ਨਾਮ ਬਿਨਾ ਜੈਸੇ ਕੁਬਜ ਕੁਰੂਪ ॥੩॥੨੫॥ ਅੰਗ ੩੨੮**

ਹੋਰ ਸਾਰੇ ਕੀਤੇ ਕਰਮ, ਭਾਵੇਂ ਉਹ ਕਿਤਨੇ ਵੀ ਚੰਗੇ ਤੋਂ ਚੰਗੇ ਹੋਣ, ਸਿਮਰਨ ਦੀ ਬਰਾਬਰੀ ਨਹੀਂ ਕਰ ਸਕਦੇ। ਭਗਤ ਨਾਮਦੇਵ ਜੀ ਰਾਮਕਲੀ ਰਾਗ ਵਿੱਚ ਫੁਰਮਾਨ ਕਰਦੇ ਹਨ ਕਿ ਭਾਵੇਂ ਬਨਾਰਸ ਵਰਗੇ ਤੀਰਥ ਤੇ ਜਾ ਕੇ ਪੁੱਠਾ ਲਟਕ ਕੇ ਤੱਪ ਕੀਤਾ ਜਾਵੇ, ਤੀਰਥ ਤੇ ਹੀ ਪ੍ਰਾਣ ਤਿਆਗੇ ਜਾਣ, ਧੂਣੀਆਂ ਦੀ ਅੱਗ ਵਿੱਚ ਸੜਿਆ ਜਾਵੇ ਜਾਂ

ਜੋਗ-ਅਭਿਆਸ ਆਦਿਕ ਨਾਲ ਸਰੀਰ ਨੂੰ ਚਿਰੰਜੀਵੀ ਕਰ ਲਈਏ, ਅਸਮੇਧ ਜੱਗ ਕੀਤਾ ਜਾਵੇ ਜਾਂ ਸੋਨਾ ਫ਼ੱਲ ਆਦਿਕਾਂ ਵਿੱਚ ਲੁਕਾ ਕੇ ਦਾਨ ਵੀ ਕਰ ਲਈਏ ਤਾਂ ਵੀ ਇਹ ਸਾਰੇ ਕੰਮ ਪ੍ਰਭੂ ਦੇ ਨਾਮ ਦੀ ਬਰਾਬਰੀ ਨਹੀਂ ਕਰ ਸਕਦੇ :

**ਬਾਨਾਰਸੀ ਤਪੁ ਕਰੈ ਉਲਟਿ ਤੀਰਥ ਮਰੈ ਅਗਨਿ ਦਹੈ ਕਾਇਆ ਕਲਪੁ ਕੀਜੈ॥**

**ਅਸੁਮੇਧ ਜਗੁ ਕੀਜੈ ਸੋਨਾ ਗਰਭ ਦਾਨੁ ਦੀਜੈ ਰਾਮ ਨਾਮ ਸਰਿ**
**ਤਊ ਨ ਪੂਜੈ ॥੧॥ - ਰਾਮਕਲੀ (ਭ. ਨਾਮਦੇਵ) - ਅੰਗ ੯੭੩**

ਚੰਗੇ ਤੋਂ ਚੰਗਾ ਕਰਮ ਚੰਗਾ ਜਨਮ ਤਾਂ ਦਿਵਾ ਸਕਦਾ ਹੈ ਪਰ ਅਖੀਰ ਚੰਗੇ ਮੰਦੇ ਜਨਮ ਭੋਗ ਭੋਗ ਕੇ ਮਨੁੱਖ ਨਰਕ ਦਾ ਹੀ ਭਾਗੀ ਬਣਦਾ ਹੈ । ਇਹ ਕੇਵਲ ਤੇ ਕੇਵਲ ਵਾਹਿਗੁਰੂ ਦਾ ਨਾਮ ਹੀ ਹੈ ਜੋ ਮਨੁੱਖ ਨੂੰ ਨਰਕ ਦੇ ਭੋਗਣ ਤੋਂ ਬਚਾ ਸਕਦਾ ਹੈ । ਗੁਰੂ ਅਰਜਨ ਸਾਹਿਬ ਫੁਰਮਾਉਂਦੇ ਹਨ :

**ਨਾਮ ਸੰਗਿ ਮਨਿ ਪ੍ਰੀਤਿ ਨ ਲਾਵੈ ॥**
**ਕੋਟਿ ਕਰਮ ਕਰਤੌ ਨਰਕਿ ਜਾਵੈ ॥੫॥ ਗਉੜੀ (ਮਃ ੫) - ਅੰਗ ੨੪੦**

ਤੀਰਥ ਇਸ਼ਨਾਨ, ਦਾਨ, ਧਰਮ ਗ੍ਰੰਥਾਂ ਦੇ ਪਾਠ ਆਦਿਕ ਚੰਗੇ ਤੋਂ ਚੰਗੇ ਕਰਮ ਵੀ ਗੁਰੂ ਸਾਹਿਬ ਨੇ ਨਾਮ ਸਿਮਰਨ ਦੇ ਤੁਲ ਵਿਅਰਥ ਦਸੇ ਹਨ । ਪੰਚਮ ਪਾਤਸ਼ਾਹ ਦੱਸਦੇ ਹਨ ਕਿ ਸਾਰੇ ਧਰਮ ਗ੍ਰੰਥ ਵੀ ਪੁਕਾਰ ਪੁਕਾਰ ਕੇ ਕਹਿ ਰਹੇ ਹਨ ਕਿ ਨਾਮ ਤੋਂ ਬਿਨਾਂ ਸਭ ਕੁੱਝ ਵਿਅਰਥ ਹੈ :

**ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆ ॥**
**ਨਾਮ ਬਿਨਾ ਸਭਿ ਕੂੜੁ ਗਾਲ੍ਹੀ ਹੋਛੀਆ ॥੧॥ਅੰਗ ੭੬੧**

ਇਹੀ ਉਪਦੇਸ਼ ਇੱਕ ਜਗ੍ਹਾ ਹੋਰ ਇੰਝ ਦੇ ਰਹੇ ਹਨ ਕਿ ਸਾਰੇ ਧਰਮ ਗ੍ਰੰਥ ਨਾ ਕੇਵਲ ਪੜ ਕੇ ਹੀ ਬਲਕਿ ਚੰਗੀ ਤਰ੍ਹਾਂ ਸੋਧ ਕੇ ਵੇਖ ਲਏ ਹਨ ਕਿ ਪਰਮਾਤਮਾ ਦਾ ਸਿਮਰਨ ਕੀਤੇ ਬਿਨਾਂ ਮਨੁੱਖ ਕੋਲ ਹੋਰ ਕੋਈ ਚਾਰਾ ਨਹੀਂ, ਰਸਤਾ ਨਹੀਂ :

**ਸਸਾ ਸਰਨਿ ਪਰੇ ਅਬ ਹਾਰੇ ॥ ਸਾਸਤ੍ਰ ਸਿਮ੍ਰਿਤਿ ਬੇਦ ਪੂਕਾਰੇ ॥**
**ਸੋਧਤ ਸੋਧਤ ਸੋਧਿ ਬੀਚਾਰਾ ॥ ਬਿਨੁ ਹਰਿ ਭਜਨ ਨਹੀ ਛੁਟਕਾਰਾ ॥**
**- ਗਉੜੀ ਬ.ਅ. (ਮਃ ੫) - ਅੰਗ ੨੬੦**

ਠੀਕ ਹੀ ਤਾਂ ਹੈ ! ਗੁਰੂ ਗ੍ਰੰਥ ਸਾਹਿਬ ਜੀ ਵੀ ਤਾਂ ਪੁਕਾਰ ਪੁਕਾਰ ਕੇ ਕਹਿ ਰਹੇ ਹਨ :

**ਨਾਨਕ ਜਨ ਕਹਿ ਪੁਕਾਰਿ ਸੁਪਨੈ ਜਿਉ ਜਗ ਪਸਾਰੁ ॥**
**ਸਿਮਰਤ ਨਹ ਕਿਉ ਮੁਰਾਰਿ ਮਾਇਆ ਜਾ ਕੀ ਚੇਰੀ ॥੨॥੩॥ -**
**ਜੈਜਾਵੰਤੀ (ਮਃ ੯) - ਅੰਗ ੧੩੫੨**

ਅਤੇ :

**ਬਿਖਿਆ ਬਿਖੁ ਜਿਉ ਬਿਸਾਰਿ ਪ੍ਰਭ ਕੌ ਜਸੁ ਹੀਏ ਧਾਰਿ ॥**
**ਨਾਨਕ ਜਨ ਕਹਿ ਪੁਕਾਰਿ ਅਉਸਰੁ ਬਿਹਾਤੁ ਹੈ ॥੨॥੨॥**
**ਜੈਜਾਵੰਤੀ (ਮਃ ੯) - ਅੰਗ ੧੩੫੨**

ਫੇਰ ਗੁਰੂ ਅਰਜਨ ਸਾਹਿਬ ਸੁਖਮਨੀ ਸਾਹਿਬ ਵਿੱਚ ਫੁਰਮਾਨ ਕਰਦੇ ਹਨ ਕਿ ਇਹੀ ਨਾਮ ਹੀ ਸੁਖਾਂ ਦਾ ਅਸਲ ਖਜਾਨਾ ਹੈ:

**ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥**
**ਭਗਤ ਜਨਾ ਕੈ ਮਨਿ ਬਿਸ੍ਰਾਮ ॥ ਰਹਾਉ ॥ (ਮਃ ੫) – ਅੰਗ ੨੬੨**

ਸੋ ਇਨ੍ਹਾਂ ਪੰਕਤੀਆਂ ਤੋਂ ਇਹ ਗੱਲ ਸਾਬਿਤ ਹੁੰਦੀ ਹੈ ਕਿ ਸਿੱਖ ਧਰਮ ਵਿੱਚ ਗੁਰੂ ਸਾਹਿਬਾਨ ਨੇ ਸਿਮਰਨ ਕਰਨਾ ਕਿਤਨਾ ਜ਼ਰੂਰੀ ਦੱਸਿਆ ਹੈ। ਉਨ੍ਹਾਂ ਨੇ ਤਾਂ ਸਿੱਖ ਸ਼ਬਦ ਦੀ ਪਰਿਭਾਸ਼ਾ ਨਾਲ ਹੀ ਨਾਮ ਸਿਮਰਨ ਨੂੰ ਜੋੜ ਦਿੱਤਾ ਹੈ, ਜਿਵੇਂ ਕਿ ਗੁਰੂ ਰਾਮਦਾਸ ਜੀ ਦਾ ਫੁਰਮਾਨ ਹੈ:

**ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥**
**ਗਉੜੀ ਕੀ ਵਾਰ:੧ (ਮਃ ੪) – ਅੰਗ ੩੦੫**

ਇਸ ਸ਼ਬਦ ਦੇ ਵਿੱਚ ਗੁਰੂ ਸਾਹਿਬ ਸਿਧਾ ਹੀ ਫੁਰਮਾਨ ਕਰ ਰਹੇ ਹਨ ਕਿ ਕੇਵਲ ਉਹੀ ਮਨੁੱਖ ਆਪਣੇ ਆਪ ਨੂੰ ਸਿੱਖ ਅਖਵਾ ਸਕਦਾ ਹੈ ਜੋ ਅੰਮ੍ਰਿਤ ਵੇਲੇ ਉੱਠ ਕੇ ਪਰਮਾਤਮਾ ਦਾ ਨਾਮ ਜਪਦਾ ਹੈ। ਸੋ, ਜੇ ਕੋਈ ਆਪਣੇ ਆਪ ਨੂੰ ਸਿੱਖ ਅਖਵਾਣਾ ਚਾਹੁੰਦਾ ਹੈ ਤਾਂ ਉਹ ਭਲਕੇ, ਭਾਵ, ਅੰਮ੍ਰਿਤ ਵੇਲੇ ਉੱਠ ਕੇ ਨਾਮ ਜਪੇ ਜਾਂ ਸਿਮਰਨ ਕਰੇ। ਬਾਕੀ ਸਾਰੀ ਰਹਿਤ, ਅੰਦਰਲੀ ਜਾਂ ਬਾਹਰਲੀ, ਇੱਕ ਪਾਸੇ ਰਖ ਦਿੱਤੀ ਗਈ ਹੈ। ਸਿੱਧੀ ਜਿਹੀ ਗੱਲ ਹੈ ਕਿ ਬਾਕੀ ਰਹਿਤ ਸਿੱਖੀ ਦਾ ਸ਼ਿੰਗਾਰ ਹੈ ਅਤੇ ਸਿਮਰਨ ਸਿੱਖੀ ਦੇ ਪ੍ਰਾਣ। ਜੇ ਪ੍ਰਾਣ ਹੀ ਨਾ ਹੋਣ ਤਾਂ ਸ਼ਿੰਗਾਰ ਕਾਹਦਾ ! ਪੰਚਮ ਪਾਤਸ਼ਾਹ ਦਾ ਸਾਫ ਫੁਰਮਾਨ ਹੈ:

**ਨਾਮ ਬਿਨਾ ਜੇਤਾ ਬਿਉਹਾਰੁ ॥ ਜਿਉ ਮਿਰਤਕ ਮਿਥਿਆ ਸੀਗਾਰੁ ॥੨॥**
**– ਗਉੜੀ (ਮਃ ੫) – ਅੰਗ ੨੪੦**

ਪਰ ਇਹ ਅੱਜ ਕਉੜਾ ਸੱਚ ਹੈ ਕਿ ਅਸੀਂ ਸਿੱਖ ਕਹਾ ਕੇ ਵੀ ਅੰਮ੍ਰਿਤ ਵੇਲੇ ਉੱਠ ਕੇ ਨਾਮ ਨਹੀਂ ਜਪਦੇ ਅਤੇ ਬਿਨਾਂ ਸਾਹ ਦੀ ਦੇਹ ਨੂੰ ਬਾਕੀ ਰਹਿਤ ਨਾਲ ਸੰਵਾਰਣ ਤੇ ਲੱਗੇ ਹੋਏ ਹਾਂ। ਬਿਨਾਂ ਸਾਹ ਦੀ ਦੇਹ ਭਾਵ ਮਿਰਤਕ ਪ੍ਰਾਣੀ ਨੂੰ ਸ਼ਿੰਗਾਰਨਾ ਕਿਸੇ ਬੇਵਕੂਫ ਦਾ ਹੀ ਕੰਮ ਹੋ ਸਕਦਾ ਹੈ।

ਇਸ ਤੋਂ ਉਪਰੰਤ ਪ੍ਰਸ਼ਨ ਇਹ ਉਠਦਾ ਹੈ ਕਿ ਸਿਮਰਨ ਕਿਵੇਂ ਕੀਤਾ ਜਾਣਾ ਚਾਹੀਦਾ ਹੈ ? ਇਸਦਾ ਉੱਤਰ ਗੁਰਬਾਣੀ ਨੇ ਬਹੁਤ ਸਰਲ ਸ਼ਬਦਾਂ ਵਿੱਚ ਦਿੱਤਾ ਹੈ:

**ਰਾਮ ਜਪਉ ਜੀਅ ਐਸੇ ਐਸੇ ॥ ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ ॥੧॥**
**ਗਉੜੀ (ਭ. ਕਬੀਰ) – ਅੰਗ ੩੩੭**

ਧ੍ਰੂ ਅਤੇ ਪ੍ਰਹਿਲਾਦ ਭਗਤ ਛੋਟੇ-ਛੋਟੇ ਬਾਲਕ ਸਨ ਜਿਨ੍ਹਾਂ ਨੇ ਸਿਮਰਨ ਕਰਕੇ ਇਤਨੀਆਂ ਉਚੀਆਂ ਪਦਵੀਆਂ ਪ੍ਰਾਪਤ ਕੀਤੀਆਂ ਹਨ। ਉਨ੍ਹਾਂ ਨੂੰ ਕੋਈ ਧਾਰਮਿਕ ਟੀਚਰ, ਕੋਈ ਯੂਨੀਵਰਸਿਟੀ, ਕਾਲਜਾਂ ਦੇ ਪ੍ਰੋਫੈਸਰ, ਕੋਈ ਫਿਲਾਸਫਰ ਸਮਝਾ ਕੇ ਨਹੀਂ

ਗਏ ਕਿ ਸਿਮਰਨ ਕਿਸ ਤਰ੍ਹਾਂ ਕਰਨਾ ਚਾਹੀਦਾ ਹੈ, ਜਿਵੇਂ ਕਿ ਅੱਜਕੱਲ ਕਈ ਲੋਕ, ਬਹੁਤੇ ਵੱਡੇ ਵਿਦਵਾਨ ਅਟਕਲ ਪਚੂ ਲਾਂਦੇ ਹਨ ਕਿ ਸਾਹ ਉੱਪਰ ਚਾਹੀਦਾ ਹੈ ਜਾਂ ਥਲੇ, ਵਾਹ ਇੰਵਕਹਿਣਾ ਹੈ ਜਾਂ ਤੇ ਗੁਰੂ ਇੰਵ, ਵਗੈਰਾ, ਵਗੈਰਾ। ਇਹ ਕਰਨਾ ਚਾਹੀਦਾ ਹੈ, ਉਹ ਕਰਨਾ ਚਾਹੀਦਾ ਹੈ। ਇਹ ਸਭ ਐਵੇਂ ਗੱਲਾਂ ਹਨ। ਇਹ ਤਾਂ ਉਸ ਪਿਆਰੇ ਨੂੰ ਯਾਦ-ਕਰਨ ਦੀ ਵਿਧੀ ਹੈ, ਉਹ ਵੀ ਪ੍ਰੇਮ ਭਿੰਨੀ ਯਾਦ। ਕਿਸੇ ਪਿਆਰੇ ਨੂੰ ਯਾਦ ਕਰਨਾ ਹੋਵੇ ਤਾਂ ਅਸੀਂ ਕੋਈ ਵਿਧੀ ਨਹੀਂ ਵੇਖਦੇ। ਆਪਣੇ ਮਿਲਣ ਵਾਲਿਆਂ ਵਿੱਚ ਸਿਰਫ ਉਸਦੀਆਂ ਸਿਫ਼ਤਾਂ ਹੀ ਕਰਦੇ ਹਨ। ਸੋ ਇਹ ਤਾਂ ਪ੍ਰਮਾਤਮਾ ਦੀਆਂ ਸਿਫਤਾਂ ਹੀ ਹਨ। ਅਸਲ ਵਿੱਚ ਇਹ ਤੋਤਾ ਰਟਨ ਤੋਂ ਹੀ ਸ਼ੁਰੂਆਤ ਹੁੰਦੀ ਹੈ। ਆਹਿਸਤਾ-ਆਹਿਸਤਾ ਇਹ ਅੰਦਰ ਉੱਤਰਦਾ ਜਾਂਦਾ ਹੈ ਅਤੇ ਹਿਰਦੇ ਵਿੱਚ ਪਹੁੰਚ ਜਾਂਦਾ ਹੈ। ਸੋ ਇਸ ਗੱਲ ਤੋਂ ਘਬਰਾਉਣ ਦੀ ਲੋੜ ਨਹੀਂ। ਸਾਡਾ ਕੰਮ ਹੈ ਸਿਰਫ ਵਾਹਿਗੁਰੂ ਵਾਹਿਗੁਰੂ ਕਰੀ ਜਾਣਾ, ਅਗਲਾ ਕੰਮ, ਭਾਵ, ਬਖਸ਼ਿਸ਼ ਕਰਨਾ ਉਸੇ ਵਾਹਿਗੁਰੂ ਦਾ ਕੰਮ ਹੈ, ਜਿਵੇਂ ਕਿ ਭਗਤ ਕਬੀਰ ਜੀ ਫੁਰਮਾਉਂਦੇ ਹਨ :

**ਕਹੁ ਕਬੀਰ ਅਖਰ ਦੁਇ ਭਾਖਿ ॥**
**ਹੋਇਗਾ ਖਸਮੁ ਤ ਲੇਇਗਾ ਰਾਖਿ ॥੩॥੩੩॥ ਅੰਗ ੩੨੯**

ਸੋ ਇਸ ਸਾਰੀ ਵੀਚਾਰ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਸਿਮਰਨ ਕਰਨਾ ਹੀ ਸਿੱਖੀ ਦਾ ਹੀ ਨਹੀਂ ਬਲਕਿ ਸਮੁੱਚੇ ਤੌਰ ਤੇ ਧਰਮ ਦਾ ਤੱਤ ਸਾਰ ਹੈ। ਇਹੀ ਸਾਰੇ ਧਰਮ ਗ੍ਰੰਥ ਵੀ ਕੂਕ ਕੂਕ ਕੇ ਕਹਿੰਦੇ ਹਨ। ਜਿਵੇਂ ਕਿ ਉਪਰ ਪ੍ਰਮਾਣ ਦਿਤੇ ਜਾ ਚੁਕੇ ਹਨ। ਭਗਤ ਨਾਮਦੇਵ ਜੀ ਵੀ ਗੀਤਾ ਦੇ ਹਵਾਲੇ ਨਾਲ ਫੁਰਮਾਨ ਕਰਦੇ ਹਨ :

**ਗੁਰਮਤਿ ਰਾਮ ਨਾਮ ਗਹੁ ਮੀਤਾ ॥**
**ਪ੍ਰਣਵੈ ਨਾਮਾ ਇਉ ਕਹੈ ਗੀਤਾ ॥੫॥੨॥੬॥**

**- ਗੋਂਡ (ਭ. ਨਾਮਦੇਵ) - ਅੰਗ ੮੭੪**

ਗੁਰੂ ਗ੍ਰੰਥ ਸਾਹਿਬ ਵਿੱਚ ਵੀ ਅਜਿਹਾ ਹੀ ਨਿਰਣਾ ਗੁਰੂ ਅਰਜਨ ਸਾਹਿਬ ਨੇ ਦੇ ਦਿੱਤਾ ਹੈ :

**ਸਰਬ ਧਰਮ ਮਹਿ ਸ੍ਰੇਸਟ ਧਰਮੁ ॥**
**ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥ ਅੰਗ ੨੬੬**

ਸਭ ਇਤਿਹਾਸਕ ਪਰਾ- ਇਤਿਹਾਸਕ ਹਸਤੀ ਦੇ ਹਵਾਲੇ ਵੀ ਦੇ ਦੇ ਕੇ ਗੁਰਬਾਣੀ ਨੇ ਬਾਰ ਬਾਰ ਸਿਮਰਨ ਦੀ ਅਤਿ ਦਰਜੇ ਦੀ ਜ਼ਰੂਰਤ ਤੇ ਜ਼ੋਰ ਦਿੱਤਾ ਹੈ। ਭਗਤ ਜੀ ਫੇਰ ਫੁਰਮਾਉਂਦੇ ਹਨ :

**ਹਰਿ ਹਰਿ ਕਰਤ ਮਿਟੇ ਸਭਿ ਭਰਮਾ ॥ ਹਰਿ ਕੋ ਨਾਮੁ ਲੈ ਊਤਮ ਧਰਮਾ ॥**

ਹਰਿ ਹਰਿ ਕਰਤ ਜਾਤਿ ਕੁਲ ਹਰੀ ॥ ਸੋ ਹਰਿ ਅੰਧੁਲੇ ਕੀ ਲਾਕਰੀ ॥੧॥
ਹਰਏ ਨਮਸਤੇ ਹਰਏ ਨਮਹ॥ ਹਰਿ ਹਰਿ ਕਰਤ ਨਹੀ ਦੁਖੁ ਜਮਹ ॥੧॥ਰਹਾਉ ॥
ਹਰਿ ਹਰਨਾਕਸ ਹਰੇ ਪਰਾਨ ॥ ਅਜੈਮਲ ਕੀਓ ਬੈਕੁੰਠਹਿ ਥਾਨ ॥
ਸੂਆ ਪੜਾਵਤ ਗਨਿਕਾ ਤਰੀ ॥ ਸੋ ਹਰਿ ਨੈਨਹੁ ਕੀ ਪੂਤਰੀ ॥੨॥
ਹਰਿ ਹਰਿ ਕਰਤ ਪੂਤਨਾ ਤਰੀ ॥ ਬਾਲ ਘਾਤਨੀ ਕਪਟਹਿ ਭਰੀ ॥
ਸਿਮਰਨ ਦ੍ਰੋਪਦ ਸੁਤ ਉਧਰੀ ॥ ਗਊਤਮ ਸਤੀ ਸਿਲਾ ਨਿਸਤਰੀ ॥੩॥
ਕੇਸੀ ਕੰਸ ਮਥਨੁ ਜਿਨਿ ਕੀਆ ॥ ਜੀਅ ਦਾਨੁ ਕਾਲੀ ਕਉ ਦੀਆ ॥
ਪ੍ਰਣਵੈ ਨਾਮਾ ਐਸੋ ਹਰੀ ॥ ਜਾਸੁ ਜਪਤ ਭੈ ਅਪਦਾ ਟਰੀ ॥੪॥੧॥੫॥

ਗੋਂਡ (ਭ. ਨਾਮਦੇਵ) – ਅੰਗ ੮੭੪

ਸੋ, ਗਹੁ ਨਾਲ ਵਾਚਣ ਤੇ ਪਤਾ ਲਗਦਾ ਹੈ ਕਿ ਸਾਰੇ ਗੁਰੂ ਗ੍ਰੰਥ ਸਾਹਿਬ ਦਾ ਤੱਤ ਸਾਰ (central idea) ਸਿਮਰਨ ਹੀ ਹੈ । ਤਾਂਹੀ ਤੇ ਕੋਈ ਵੀ ਸ਼ਬਦ ਅਜਿਹਾ ਨਹੀਂ ਲਭਦਾ ਜੋ ਸਿੱਧੇ ਜਾਂ ਅਸਿੱਧੇ ਤੌਰ ਤੇ ਸਿਮਰਨ ਦੀ ਪ੍ਰੇਰਣਾ ਨਾ ਦਿੰਦਾ ਹੋਵੇ ।

ਧੰਨਵਾਦਿ ਸਾਹਿਤ ਵਿਚੋਂ :– ਸਹਿਜ

## ਪਾਤਸ਼ਾਹ ਕੈਦੀ

ਰਘਬੀਰ ਸਿੰਘ ਬੀਰ

ਕਿਸੇ ਪਾਤਸ਼ਾਹ ਨੂੰ ਉਸ ਦੇ ਦੁਸ਼ਮਨ ਪਕੜ ਲੈਣ , ਉਸ ਦੀ ਰਾਜਧਾਨੀ ਤੋਂ ਪਰੇ ਲੈ ਜਾ ਕੇ, ਹੱਥਾਂ ਪੈਰਾਂ ਵਿੱਚ ਬੇੜੀਆਂ ਪਾ ਕੇ ਕੈਦਖਾਨੇ ਵਿੱਚ ਸੁੱਟ ਦੇਣ, ਕੈਦੀ ਬਣਾ ਦੇਣ । ਕੈਦੀਆਂ ਵਰਗੀ ਖੁਰਾਕ, ਕੈਦੀਆਂ ਵਾਲੇ ਕਪੜੇ, ਕੈਦੀਆਂ ਵਿੱਚ ਬਸੇਰਾ, ਕੈਦੀਆਂ ਵਾਲੀ ਜ਼ਿੰਦਗੀ ਹੋ ਜਾਵੇ । ਸਾਰਾ ਦਿਨ ਚੱਕੀ ਪੀਹ ਕੇ, ਮੁੰਜ ਕੁੱਟ ਕੇ, ਕੋਹਲੂ ਅੱਗੇ ਜੁੜ ਕੇ ਅਤੇ ਹੋਰ ਅਨੇਕਾਂ ਮੁਸ਼ੱਕਤਾ ਕਰਨ ਪਿਛੋਂ ਵੀ ਢਿੱਡ ਭਰ ਕੇ ਰੋਟੀ ਨਾ ਮਿਲੇ । ਇਸ ਕੈਦ ਵਿੱਚ ਉਸ ਦੀ ਉਮਰ ਦਾ ਇੱਕ ਹਿੱਸਾ ਗੁਜ਼ਰ ਜਾਵੇ, ਕਈ ਵਰ੍ਹੇ ਬੀਤ ਜਾਣ, ਕੈਦ ਹੀ ਉਸ ਦੀ ਜ਼ਿੰਦਗੀ ਬਣ ਜਾਵੇ, ਕੈਦੀਆਂ ਨਾਲ ਉਸ ਦਾ ਸੰਗ, ਕੈਦੀਆਂ ਨਾਲ ਹੀ ਉਸ ਦੀ ਗੱਲਬਾਤ, ਕੈਦੀਆਂ ਵਿੱਚ ਹੀ ਉਸ ਦੀ ਦਿਨ ਰਾਤ ਰਿਹਾਇਸ਼ ਹੋਵੇ, ਤਾਂ ਕੋਈ ਵੱਡੀ ਗੱਲ ਨਹੀਂ ਜੋ ਉਸ ਨੂੰ ਆਪਣੀ ਪਾਤਸ਼ਾਹੀ, ਪਾਤਸ਼ਾਹੀ ਠਾਠ, ਪਾਤਸ਼ਾਹੀ ਨਿਗਾਹ, ਪਾਤਸ਼ਾਹੀ ਖਸਲਤ, ਪਾਤਸ਼ਾਹੀ ਰੋਅਬ ਦਾਬ, ਸਭ ਭੁੱਲ ਜਾਣ । ਆਪਣੀ ਤਾਕਤ, ਆਪਣੀ ਹਿੰਮਤ, ਆਪਣੀ ਸੋਚ, ਦਾਨਾਈ, ਆਪਣੀ ਚਤੁਰਾਈ, ਆਪਣੀਆਂ ਫੌਜਾਂ, ਆਪਣੇ ਖਜ਼ਾਨੇ, ਆਪਣੇ ਮਹਿਲ, ਆਪਣੀਆਂ ਦਾਸੀਆਂ, ਆਪਣੇ ਵਜ਼ੀਰ, ਉਮਰਾ, ਨੌਕਰ-ਚਾਕਰ, ਆਪਣੀ ਰੱਯਤ, ਆਪਣੀ ਪਹਿਲੀ ਪਾਤਸ਼ਾਹੀ ਵਾਲੀ ਜ਼ਿੰਦਗੀ, ਆਪਣਾ ਸਾਹੀ ਖਾਨਦਾਨ ਸਭ ਵਿਸਰ ਜਾਵੇ, ਇੱਕ ਸੁਫਨਾ ਜਿਹਾ ਜਾਪੇ ।

ਐਸੇ ਕੈਦੀ ਨੂੰ ਅਗਰ ਇਸੇ ਕੈਦ ਵਿੱਚ ਜਾ ਕੇ, ਮੋਢੇ ਤੋਂ ਪਕੜ ਕੇ ਆਪਣੇ ਵਲ ਤਕਾ ਕੇ ਕੋਈ ਆਖੇ ਕਿ ਤੂੰ ਕੈਦੀ ਨਹੀਂ ਹੈਂ, ਤੂੰ ਪਾਤਸ਼ਾਹ ਹੈ, ਤਾਂ ਉਹ ਕੈਦੀ ਪਹਿਲੇ ਪਹਿਲ ਇਸ ਨੂੰ ਸੱਚ ਨਹੀਂ ਸਮਝੇਗਾ, ਕਹਿਣ ਵਾਲੇ ਦਾ ਇਤਬਾਰ ਨਹੀਂ ਕਰੇਗਾ। ਉਹ ਕੈਦੀ ਹੈ ਵੀ ਸੱਚਾ, ਉਹ ਕੈਦ ਨੂੰ ਸੱਚ ਤੇ ਆਪਣੀ ਪਹਿਲੀ ਪਾਤਸ਼ਾਹੀ ਨੂੰ ਝੂਠ ਮੰਨ ਚੁੱਕਾ ਹੈ। ਪਰ ਜਦ ਉਸ ਨੂੰ ਫੇਰ ਹੂਲਣ ਕੇ, ਸਾਵਧਾਨ ਕਰ ਕੇ, ਉਸ ਦੀ ਪਹਿਲੀ ਜ਼ਿੰਦਗੀ ਦੀਆਂ ਨਿਸ਼ਾਨੀਆਂ, ਉਸ ਦਾ ਬਲ, ਉਸ ਦੀ ਸ਼ਕਤੀ, ਉਸ ਦੀ ਬਹਾਦਰੀ, ਉਸ ਦੀ ਹਿਮਤ ਯਾਦ ਕਰਾਈ ਜਾਵੇ ਅਤੇ ਫਿਰ ਆਖਿਆ ਜਾਵੇ ਕਿ ਤੂੰ ਪਾਤਸ਼ਾਹ ਹੈ, ਖਾਨਦਾਨੀ ਪਾਤਸ਼ਾਹ ਹੈ, ਪਾਤਸ਼ਾਹੀ ਤੇਰਾ ਜਮਾਂਦਰੂ ਹੱਕ ਹੈ, ਉਠ ਹਿੰਮਤ ਕਰ, ਕੈਦ ਦੀ ਚਾਰ ਦੀਵਾਰੀ ਨੂੰ ਟੱਪ ਜਾ। ਤਾਂ ਉਹ ਕੈਦੀ ਹੱਸ ਕੇ ਆਖੇਗਾ, 'ਸ਼ਾਇਦ ਤੂੰ ਇਹ ਗੱਲ ਸੱਚ ਹੀ ਕਹਿੰਦਾ ਹੋਵੇ, ਪਰ ਮੈਂ ਨਿਹੱਥਾ ਹਾਂ, ਕੈਦ ਦੀਆਂ ਸਖ਼ਤੀਆਂ ਦਾ ਮਾਰਿਆ ਹੋਇਆ ਹਾਂ, ਮੇਰੇ ਹੱਡਾਂ ਤੇ ਗੋਡਿਆਂ ਵਿੱਚ ਕੈਦ ਦੀ ਚਾਰ ਦੀਵਾਰੀ ਟੱਪਣ ਦੀ ਹਿੰਮਤ ਕਿਥੇ ? ਅਗਰ ਮੈਂ ਕਦੀ ਪਾਤਸ਼ਾਹ ਵੀ ਹੋਵਾਂਗਾ ਤਦ ਪਿਛੇ ਹੋ ਚੁੱਕਾ ਹੋਵਾਂਗਾ, ਹੁਣ ਤਾਂ ਮੈਂ ਪੂਰਾ ਕੈਦੀ ਹਾਂ। ਇਹ ਕਹਿ ਕੇ ਉਹ ਆਪਣੇ ਆਲੇ ਦੁਆਲੇ, ਸਭ ਕੈਦੀਆਂ ਵਲ, ਕੈਦਖਾਨੇ ਵਲ, ਆਪਣੀਆਂ ਹੱਥਕੜੀਆਂ ਬੇੜੀਆਂ ਵਲ, ਨਿਰਾਸਤਾ ਭਰੀ ਨਜ਼ਰ ਨਾਲ ਤੱਕ ਕੇ ਆਖੇਗਾ, 'ਮੈਂ ਹੁਣ ਤਾਂ ਪੂਰਾ ਕੈਦੀ ਹਾਂ। ਅਗਰ ਇਸ ਤੋਂ ਅੱਗੇ ਉਸ ਨੂੰ ਕਿਹਾ ਜਾਵੇ ਕਿ ਤੇਰੀਆਂ ਬੇੜੀਆਂ ਕੱਟੀਆਂ ਜਾ ਸਕਦੀਆਂ ਹਨ, ਹੱਥਕੜੀਆਂ ਉੱਤਰ ਸਕਦੀਆਂ ਹਨ, ਕੈਦਖਾਨੇ ਦਾ ਦਰਵਾਜ਼ਾ ਖੁਲ੍ਹ ਸਕਦਾ ਹੈ, ਤੱਦ ਉਹ ਕੈਦੀ ਦਲੀਲਾਂ ਵਿੱਚ ਪੈ ਜਾਵੇਗਾ, ਉਹ ਵਿਚਾਰੇਗਾ ਕਿ ਫ਼ਰਜ਼ ਕਰੋ ਮੇਰੀਆਂ ਹੱਥਕੜੀਆਂ ਤੇ ਬੇੜੀਆਂ ਉੱਤਰ ਜਾਣ, ਕੈਦਖਾਨੇ ਦਾ ਬੂਹਾ ਖੁਲ੍ਹ ਜਾਵੇ ਅਤੇ ਮੈਂ ਬਾਹਰ ਨਿਕਲ ਕੇ ਆਜ਼ਾਦ ਹੋ ਜਾਵਾਂ, ਪਰ ਮੈਂ ਬਾਹਰ ਜਾ ਕੇ ਕਰਾਂਗਾ ਕੀ ? ਮੈਨੂੰ ਬਾਹਰ ਦਾ ਕੋਈ ਮਨੁੱਖ ਪਛਾਣੇਗਾ ਨਹੀਂ, ਬੋਲੇਗਾ ਨਹੀਂ, ਮਦਦ ਨਹੀਂ ਕਰੇਗਾ। ਬਾਹਰ ਸਭ ਨਵੇਂ ਲੋਕ, ਨਵੇਂ ਹਾਲਾਤ, ਨਵੀਆਂ ਗੱਲਾਂ, ਮੇਰਾ ਦਿਲ ਨਹੀਂ ਲੱਗੇਗਾ। ਇਹ ਸੋਚ ਕੇ ਉਹ ਇਸੇ ਨਤੀਜੇ ਤੇ ਅਪੜੇਗਾ ਕਿ ਮੈਨੂੰ ਭਾਵੇਂ ਚੰਗਾ ਲੱਗੇ ਭਾਵੇਂ ਮੰਦਾ, ਇਹ ਕੈਦਖਾਨਾ ਹੀ ਠੀਕ ਹੈ।

ਐਪਰ ਇਸ ਕੈਦੀ ਨਾਲ ਗੱਲਾਂ ਕਰਨ ਵਾਲਾ ਪੁਰਸ਼ ਅਗਰ ਆਪਣੇ ਇਰਾਦੇ ਦਾ ਪੱਕਾ, ਨਿਸਚੇ ਦਾ ਪੂਰਾ, ਕੈਦੀ ਦਾ ਪੂਰਾ ਹਮਦਰਦ ਅਤੇ ਖੈਰਖਾਹ ਹੋਵੇ, ਤਾਂ ਉਹ ਉਸ ਨੂੰ ਫਿਰ ਆਖੇਗਾ, ਤੂੰ ਕੈਦੀ ਨਹੀਂ, ਕੈਦੀਆਂ ਵਿੱਚ ਰਹਿਣਾ, ਤੈਨੂੰ ਯੋਗ ਨਹੀਂ, ਕੈਦਖਾਨਾ ਤੇਰੇ ਲਈ ਨਹੀਂ ਬਣਿਆ। ਜੋ ਕੁਝ ਹੋ ਚੁੱਕਾ ਹੋ ਚੁੱਕਾ, ਉੱਠ ਹੁਣ ਮੇਰੇ ਨਾਲ ਚਲ। ਪਾਤਸ਼ਾਹ ਨੂੰ ਉਸਦੀ ਪਾਤਸ਼ਾਹੀ ਉਡੀਕ ਰਹੀ ਹੈ। ਕੈਦੋਂ ਬਾਹਰ ਨਿਕਲਦੇ ਸਾਰ ਹੀ ਉਸ ਨੂੰ ਸਭ ਪਛਾਣ ਲੈਣਗੇ, ਕੋਈ ਕੈਦੀ ਨਹੀਂ ਆਖੇਗਾ, ਸਭ ਪਾਤਸ਼ਾਹ ਦੀ ਪਾਤਸ਼ਾਹ ਵਾਲੀ ਇੱਜ਼ਤ ਤੇ ਸਤਿਕਾਰ ਕਰਨਗੇ। ਉੱਠ ਪਾਤਸ਼ਾਹ, ਤੇਰਾ ਕੁਛ ਵੀ ਨਹੀਂ ਗਵਾਚਾ, ਤੇਰਾ ਬਲ,

ਜਵਾਨੀ, ਸੁੰਦਰਤਾ, ਸ਼ਕਤੀ, ਅਕਲ, ਦੂਰ-ਅੰਦੇਸ਼ੀ ਸਭ ਤੈਨੂੰ ਉਡੀਕ ਰਹੇ ਹਨ। ਸਭ ਇਸ ਕੈਦਖਾਨੇ ਦੀ ਕੰਧ ਪਿਛੇ ਲੁਕੇ ਤੇਰੀ ਇੰਤਜ਼ਾਰ ਕਰ ਰਹੇ ਹਨ। ਤੇਰੀ ਪਾਤਸ਼ਾਹੀ ਤੈਨੂੰ ਆਵਾਜ਼ਾਂ ਮਾਰ ਰਹੀ ਹੈ। ਤੇਰੀ, ਮੇਰੇ ਉੱਤੇ ਵਿਸ਼ਵਾਸ਼ ਕਰਨ ਦੀ ਦੇਰ ਹੈ। ਇਹ ਦੇਖ ਕੈਦਖ਼ਾਨੇ ਦੀਆਂ ਚਾਬੀਆਂ, ਮੈਂ ਤੈਨੂੰ ਹੁਣੇ ਬਾਹਰ ਕੱਢ ਲੈ ਚਲਾਂਗਾ। ਇਹ ਕਹਿ ਕੇ ਉਹ ਨੇਕ ਪੁਰਸ਼ ਕੈਦੀ ਨੂੰ ਹੋਰ ਜ਼ਿਆਦਾ ਸੋਚਾਂ ਨਾ ਸੋਚਣ ਦੇਵੇ, ਗੱਲਾਂ ਵਿੱਚ ਸਮਾਂ ਜ਼ਾਇਆ ਨਾ ਕਰਨ ਦੇਵੇ, ਬਾਹਵਾਂ ਤੋਂ ਪਕੜ ਕੇ ਆਪਣੇ ਮਗਰ ਖਿਚਣ ਲੱਗ ਪਵੇ ਅਤੇ ਐਸੇ ਤਕੜੇ ਹੱਥ ਪਾਵੇ ਕਿ ਕੈਦੀ ਰਗੜੀਂਦਾ, ਘਸੀਟਦਾ, ਪਿਛੇ ਧੂਆ ਆਵੇ ਅਤੇ ਕੈਦਖਾਨੇ ਦੇ ਭਾਰੇ ਫਾਟਕਾਂ ਨੂੰ ਲੰਘ ਕੇ ਉਹ ਦੋਵੇਂ ਮਿੱਤਰ ਕੈਦਖਾਨਿਉਂ ਬਾਹਰ ਨਿਕਲ ਆਉਣ!

ਬਾਹਰ ਆ ਕੇ ਕੈਦੀ ਜਿਸ ਪਾਸੇ ਤਕੇ, ਵਜ਼ੀਰ, ਅਮੀਰ, ਜਰਨੈਲ, ਫੌਜਾਂ ਝੁਕੇ ਹੋਏ ਦਿਸਣ, ਦਾਸੀਆਂ ਗੱਲ ਵਿੱਚ ਫੂਲਮਾਲਾ ਪਾਉਂਦੀਆਂ ਹੋਣ, ਤੋਪਾਂ ਦੀ ਸਲਾਮੀ ਹੋ ਰਹੀ ਹੋਵੇ, ਕੋਈ ਕੈਦੀ ਨਾਂ ਸਮਝੇ, ਸਭ ਪਾਤਸ਼ਾਹ ਸਲਾਮਤ ਕਹਿ ਕੇ ਪੁਕਾਰਨ। ਬੜੇ ਸਨਮਾਨ ਨਾਲ, ਬੜੀ ਧੂਮ ਧਾਮ ਨਾਲ, ਬੜੀ ਸਜ ਧਜ ਨਾਲ ਪਾਤਸ਼ਾਹ ਦੀ ਸਵਾਰੀ ਆਪਣੀ ਰਾਜਧਾਨੀ ਵਿੱਚ ਪਹੁੰਚੇ। ਅੱਗੇ ਸ਼ਹਿਰ ਵਿੱਚ ਫੁਲਾਂ ਦੀ ਵਰਖਾ ਤੇ ਤੋਪਾਂ ਦੇ ਫ਼ਾਇਰਾਂ ਨਾਲ ਪਾਤਸ਼ਾਹ ਦਾ ਸਵਾਗਤ ਕੀਤਾ ਜਾਵੇ। ਮੰਗਲਾਚਾਰ ਨਾਲ ਸ਼ਹਿਰ ਗੂੰਜ ਉੱਠੇ। ਪਾਤਸ਼ਾਹ ਦੀ ਸਵਾਰੀ ਸਾਰੇ ਸ਼ਹਿਰ ਵਿਚੋਂ ਜਿਥੋਂ ਜਿਥੋਂ ਲੰਘੇ, ਗੁਲਾਬ ਕਿਉੜੇ ਅਤੇ ਕੇਸਰ ਦੀ ਵਰਖਾ ਹੋਵੇ। ਪਾਤਸ਼ਾਹ ਨੂੰ ਮਹਿਲਾਂ ਵਿੱਚ ਲੈ ਜਾ ਕੇ ਸ਼ਾਹੀ ਤੱਖਤ ਤੇ ਬੈਠਾਇਆ ਜਾਵੇ, ਸਿਰ ਤੇ ਹੀਰਿਆਂ ਦਾ ਜੜਾਊ ਤਾਜ ਰੱਖਿਆ ਜਾਵੇ, ਸਾਮ੍ਹਣੇ ਇੱਕ ਪਾਸੇ ਫੌਜੀ ਜਰਨੈਲ, ਦੂਸਰੇ ਪਾਸੇ ਵਜ਼ੀਰ, ਅਮੀਰ, ਦੀਵਾਨ, ਸਰਦਾਰ ਹੱਥ ਬੰਨ੍ਹ ਕੇ ਖੜ੍ਹੇ ਹੋਣ।

ਤੱਦ ਫਿਰ ਪਾਤਸ਼ਾਹ ਆਪਣੇ ਸਿੰਘਾਸਨ ਤੋਂ ਉੱਠ ਖੜ੍ਹਾ ਹੋਵੇ, ਆਪਣੇ ਉਸ ਪਰਮ ਮਿੱਤਰ ਦੇ, ਜਿਸ ਨੇ ਕੈਦਖਾਨੇ ਵਿੱਚ ਪਹੁੰਚ ਕੇ ਕੈਦੀ ਨੂੰ 'ਪਾਤਸ਼ਾਹ' ਕਹਿ ਕੇ ਬੁਲਾਇਆ ਸੀ ਅਤੇ ਡਿਗਦੀਆਂ ਕਲਾਂ ਵਿਚੋਂ ਕੱਢ, ਬਾਹਵਾਂ ਤੋਂ ਫੜ, ਖਿੱਚ ਧੂਹ ਕੇ ਕੈਦਖਾਨਿਉਂ ਬਾਹਰ ਕੱਢਿਆ ਸੀ, ਉਸ ਪਿਆਰੇ ਮਿੱਤਰ ਦੇ ਚਰਨਾਂ ਤੇ ਢਹਿ ਪਵੇ ਅਤੇ ਆਖੇ, "ਤੂੰ ਮੇਰਾ ਜਨਮ ਦਾਤਾ ਹੈ," ਤੂੰ ਮੇਰੀ ਕਾਇਆਂ ਪਲਟ ਦਿੱਤੀ ਹੈ, ਤੂੰ ਮੈਨੂੰ ਕੈਦੀ ਤੋਂ ਪਾਤਸ਼ਾਹ ਬਣਾਇਆ ਹੈ। ਹੇ ਪਾਤਸ਼ਾਹਾਂ ਦੇ ਪਾਤਸ਼ਾਹ! ਦੱਸ ਮੈਂ ਤੇਰੀ ਕੀ ਸੇਵਾ ਕਰਾਂ ? ਕਿਵੇਂ ਸੇਵਾ ਕਰਾਂ ? ਮੈਨੂੰ ਤੇ ਇਸ ਰਾਜ ਦਰਬਾਰ ਵਿੱਚ ਕੁਝ ਵੀ ਆਪਣਾ ਨਹੀਂ ਦਿੱਸਦਾ, ਸਭ ਤੇਰੀ ਰਹਿਮਤ, ਤੇਰੀ ਹਿੰਮਤ, ਤੇਰੀ ਕਿਰਪਾ ਦਾ ਨਤੀਜਾ ਦਿਸ ਰਿਹਾ ਹੈ। ਇਹ ਕਹਿੰਦਿਆਂ- ਕਹਿੰਦਿਆਂ ਪਾਤਸ਼ਾਹ ਦੀਆਂ ਅੱਖਾਂ ਵਿਚੋਂ ਨੀਰ ਦੀ ਨਦੀ ਵਗ ਤੁਰੇ, ਦਿਲ ਉੱਛਲ-ਉੱਛਲ ਕੇ ਮਿੱਤਰ ਦੇ ਚਰਨਾਂ ਤੇ ਵਗਣ ਲੱਗ ਜਾਵੇ, ਰੋ-ਰੋ ਕੇ

ਪਾਤਸ਼ਾਹ ਨਿਢਾਲ ਹੋ ਜਾਵੇ, ਬੇ-ਸੁਧ ਹੋ ਜਾਵੇ, ਮੂਰਛਾ ਆ ਜਾਵੇ, ਮੁੜ ਹੋਸ਼ ਵਿੱਚ ਲਿਆਂਦਾ ਜਾਵੇ। ਪਾਤਸ਼ਾਹ ਅੱਖਾਂ ਖੋਹਲੇ, ਹੋਸ਼ ਵਿੱਚ ਆਵੇ ਅਤੇ ਆਪਣੇ ਪਰਮ ਮਿੱਤਰ ਵੱਲ ਤੱਕੇ ਤੇ ਆਖੇ।'ਮਹਾਰਾਜ ਆਪ ਕੌਣ ਹੋ ? ਮੇਰਾ ਆਪ ਦਾ ਕੀ ਸਬੰਧ ਹੈ ? ਆਪ ਨੇ ਕਿਉਂ ਮੇਰੇ ਉੱਤੇ ਇਤਨੀ ਕ੍ਰਿਪਾਲਤਾ ਕੀਤੀ ?

ਤਦ ਪਿਆਰੇ ਪਾਠਕ , ਤੈਨੂੰ ਪਤਾ ਹੈ ਕਿ ਉਹ ਪਰਮ ਮਿੱਤਰ ਕੀ ਆਖੇਗਾ ? ਉਹ ਹੱਸ ਕੇ ਪਾਤਸ਼ਾਹ ਨੂੰ ਆਖੇਗਾ

'ਮੈਂ ਤੇਰੀ ਆਤਮਾ ਦੀ ਆਵਾਜ਼ ਹਾਂ। ਤੂੰ ਸਦਾ ਤੋਂ ਹੀ ਪਾਤਸ਼ਾਹ ਹੈ, ਆਤਮਾ ਹੈ। ਭੁਲੇਖੇ ਵਿੱਚ, ਸੁਫਨੇ ਵਿੱਚ, ਆਪਣੇ ਆਪ ਨੂੰ ਕੈਦੀ ਜਾਂ ਜੀਵ ਮੰਨ ਬੈਠਾ ਮੈਂ। ਇਹ ਸਭ ਕੈਦਖਾਨਾ, ਕੈਦਖਾਨੇ ਦੀ ਜ਼ਿੰਦਗੀ, ਹੱਥਕੜੀਆਂ, ਬੇੜੀਆਂ, ਫਾਕੇ ਤੇ ਮੁਸ਼ੱਕਤਾਂ ਸਭ ਸੁਫਨਾ ਸੀ। ਤੈਨੂੰ ਕੋਈ ਕੈਦ ਨਹੀਂ ਸੀ ਕਰ ਸਕਦਾ। ਆਪਣੇ ਦੁਸ਼ਮਣ ਤੂੰ ਆਪ ਸਹੇੜੇ, ਆਪ ਮਜ਼ਬੂਤ ਕੀਤੇ, ਆਪ ਉਹਨਾਂ ਤੋਂ ਹਾਰਿਓਂ, ਤੇਰੀ ਹੀ ਸ਼ਕਤੀ ਨਾਲ ਉਹਨਾਂ ਨੇ ਤੇਰੇ ਵਾਸਤੇ ਕੈਦਖਾਨਾ ਬਣਾਇਆ, ਤੇਰੀ ਹੀ ਮਰਜ਼ੀ ਨਾਲ ਉਹਨਾਂ ਤੈਨੂੰ ਉਥੇ ਜਾ ਕੇ ਕੈਦ ਕੀਤਾ। ਇਹ ਤੇਰੀ ਹੀ ਇਛਿਆ ਸੀ ਕਿ ਉੱਥੇ ਜਾ ਕੇ ਤੂੰ ਆਪਣਾ ਆਪ ਸਭ ਕੁਝ ਭੁੱਲ ਜਾਵੇਂ, ਪਰ ਤੇਰੀ ਅਸਲੀਅਤ ਕਦੀ ਨਹੀਂ ਸੀ ਗਵਾਚ ਸਕਦੀ। ਤੇਰੀ ਆਤਮਾ ਦੀ ਆਵਾਜ਼ ਬਣ ਕੇ ਤੈਨੂੰ ਆਪਣੇ ਫਰਜ਼ੀ ਕੈਦਖਾਨੇ ਤੋਂ ਛੁਡਾਇਆ ਹੈ, ਇਹ ਤੇਰੀ ਹੀ ਲੀਲਾ ਸੀ, ਤੇਰੀ ਹੀ ਰਚਨਾ ਸੀ, ਤੇਰੀ ਮਾਇਆ ਸੀ। ਤੂੰ ਆਪਣੇ ਆਪ ਦਾ ਹੀ ਹੁਣ ਮਸ਼ਕੂਰ ਹੋ ਰਿਹੈ ਹੈਂ, ਆਪਣੀ ਪੂਜਾ ਆਪ ਹੀ ਕਰ ਰਿਹਾ ਹੈਂ, ਮੈਂ ਤੇ ਸਿਰਫ ਤੇਰਾ ਹੀ ਪਰਛਾਵਾਂ ਸੀ, ਤੇਰੀ ਆਵਾਜ਼ ਦੀ ਹੀ ਗੂੰਜ ਸੀ

**ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ ॥**

**- ਆਸਾ ਕੀ ਵਾਰ (ਮਃ ੧) - ਅੰਗ ੪੬੩**

**ਆਪਸ ਕਉ ਆਪਹਿ ਆਦੇਸੁ ॥ ਗਉੜੀ ਸੁਖਮਨੀ (ਮਃ ੫) - ਅੰਗ ੨੯੧**

ਇਹ ਕਹਿ ਕੇ ਪਾਤਸ਼ਾਹ ਦਾ ਪਰਮ ਮਿੱਤਰ ਹਵਾ ਵਿੱਚ ਅਲੋਪ ਹੋ ਜਾਵੇ, ਪਰ ਅਲੋਪ ਹੁੰਦਾ ਹੁੰਦਾ ਉਸ ਨੂੰ ਆਕਾਸ਼ਵਾਣੀ ਰਾਹੀਂ ਫਿਰ ਆਖੇ -ਪਾਤਸ਼ਾਹ ! ਅਸਲ ਵਿੱਚ ਤੂੰ ਨਾ ਪਾਤਸ਼ਾਹ ਹੈਂ, ਨਾ ਕੈਦੀ। ਇਹ ਤੇਰੀ ਅਸਲੀਅਤ ਦਾ ਸਿਰਫ ਸਰਗੁਣ ਸਰੂਪ ਸੀ। ਤੇਰੀ ਅਸਲੀਅਤ ਦਾ ਦੂਸਰਾ ਤੇ ਅਸਲੀ ਸਰੂਪ ਨਿਰਗੁਣ ਹੈ। ਰੂਪ, ਰੇਖ, ਰੰਗ ਤੋਂ ਪਰ੍ਹੇ ਤੇ ਉੱਚਾ ਹੈ। ਇਹ ਨਿਰਅਕਾਰ ਹੈ, ਅਬਿਨਾਸ਼ੀ ਹੈ, ਅਦਵੈਤ ਹੈ, ਅਖੰਡ ਹੈ, ਸੈਭੰ ਹੈ, ਅਕਾਲ ਹੈ, ਅਜੋਨੀ ਹੈ......ਉਠ ਜਾਗ... ਅੱਖਾਂ ਖੋਲ੍ਹ... ਤੇ ਨਿਹਾਲ ਹੋ ਜਾ।

**ਧੰਨਵਾਦਿ ਸਾਹਿਤ ਵਿਚੋਂ :- ਰਮਜ਼ੀ ਕਹਾਣੀਆਂ**

# ਗੁਰਮਤਿ ਪ੍ਰਸਾਰ ਮੈਡੀਕਲ ਸੇਵਾ ਸੈਂਟਰ

## ਐਸੋਸੀਏਟਸ: ਸੇਵਕਸ ਚੈਰੀਟੇਬਲ ਟ੍ਰੱਸਟ (ਰਜਿ.) ਚੰਡੀਗੜ੍ਹ

ਸੋਸਾਇਟੀ ਵਲੋਂ ਚਲਾਏ ਜਾ ਰਹੇ ਮੈਡੀਕਲ ਸੇਵਾ ਸੈਂਟਰ ਵਿਚ ਦਿਤੀਆਂ ਜਾ ਰਹੀਆਂ ਸੇਵਾਵਾਂ ਦਾ ਸੰਗਤਾਂ ਭਰਵਾਂ ਲਾਭ ਉਠਾ ਰਹੀਆਂ ਹਨ। ਅਕਤੂਬਰ 2018 ਮਹੀਨੇ ਦੇ ਅੰਕੜੇ ਇਸ ਪ੍ਰਕਾਰ ਹਨ।

| | Name of Deptt. | No. of Patients | | |
|---|---|---|---|---|
| | | New | Old | Total |
| 1 | General Medical | 91 | 169 | 260 |
| 2 | Eye | 07 | 20 | 27 |
| 3 | Cardiology | 15 | 80 | 95 |
| 4 | Dental | 12 | 53 | 65 |
| 5 | Gynaecology | 11 | 27 | 38 |
| 6 | Homoeopathy | 27 | 316 | 343 |
| | Total | 163 | 665 | 828 |
| | Laboratory | 170 | | 170 |

## ਧੰਨਵਾਦ :

## ਅਕਤੂਬਰ 2018 ਦੌਰਾਨ ਪ੍ਰਾਪਤ ਸਹਾਇਤਾ ਦਾ ਵੇਰਵਾ:-

1. Bibi Hardeep Kaur Saluja #53/Sec. 70/Chd 1,000/-
2. S. Kuldip Singh #171/Phase-6/Mohali 20,000/-
3. Bibi Ishminder Kaur # 3902/Sector-22D 51,000/-
4. Dr. Daljit Kaur Gakhar #1600/Sector-34D 10,000/-
5. S. Harjinder Singh/Sunny Enclave/ Kharar 500/-
6. S. Prem Singh Premi #74/Phase-3BI/Mohali 1,000/-
7. S. D.P Singh #393/Phase- 9/Mohali 1,200/-
8. Bibi Daljit Kaur #1729/Sector-33D/Chd 2,000/-
9. S. B.S. Chadha #2468/Sector-40C/Chd 1,000/-
10. S. Tarundeep Singh Sachar #EA-136/ Maya Enclave/New Delhi 20,000/-
11. S. Harsharnpal Singh Bhatia #461/Sec. 44A/Chd 1,000/-
12. Bibi Harpreet Kaur #461/Sec 44A/Chd 1,000/-
13. Bibi. Harleen Kaur Sarna #107G, Shivalik Vihar Naya Goan, Mohali 500/-
14. Bibi Rajleen Kaur #836/Phase II/Mohali 500/-
15. Bibi Narinder Kaur #800/Sec. 43A/Chd 800/-
16. Bibi Aases Kaur #461/Sec. 44A/Chd 200/-
17. Bibi Gurdeep Kaur #461/Sec. 44A/Chd 1,000/-
18. Bibi Surjit Kaur #1444/Sec 34C/Chd 2,000/-
19. S. Narinder Bir Singh #1444/Sec 34C/Chd 3,300/-
20. S. Dhanwant Singh #447/Phase-IV/Mohali 1,000/-
21. Sardarni Agya Joginder Singh #1546/Sector-33D/Chd 1,00,000/-
22. Col. H.S Uppal #306/Sec. 33A/Chd 70,000/-
23. S. Gurjit Singh Ahluwalia # 3043/Phase-7 1,000/-
24. S. Mohinder Singh/H.M.T. Colony/M.K. 2,100/-
25. Bibi Jasleen Kaur/Mundi Kharar 100/-
26. S. Kamaljit Singh/ Mundi Kharar 100/-
27. S. Naunihal Singh/ Mundi Kharar 500/-
28. S. Dilbagh Singh/ Satkar Properties / Mundi Kharar 500/-
29. S. Amarjit Singh/ Mundi Kharar 100/-
30. S. Paramjit Singh/ Mundi Kharar 50/-
31. S. Shiv Raj Singh/ Mundi Kharar 100/-
32. S. Jagjit Singh/ Mundi Kharar 100/-
33. S. Satnam Singh/ Mundi Kharar 100/-
34. Bibi Gurbachan Kaur Cheema #1535/Sec 34D/Chd 2,000/-

**ਬੇਨਤੀ**

ਆਪਣੇ ਦਸਵੰਧ ਵਿੱਚੋਂ ਵੱਧ ਤੋਂ ਵੱਧ ਮਾਇਆ ਸੋਸਾਇਟੀ ਦੇ ਕਾਰਜਾਂ ਲਈ ਭੇਜ ਕੇ ਗੁਰਮਤਿ ਪ੍ਰਸਾਰ ਵਿੱਚ ਯੋਗਦਾਨ ਪਾਓ ਤੇ ਗੁਰੂ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ। ਮਾਇਆ ਚੈੱਕ ਰਾਹੀਂ ਵੀ ਭੇਜੀ ਜਾ ਸਕਦੀ ਹੈ। ਸੋਸਾਇਟੀ ਦਾ SB A/c No.07111000004108, IFS Code: PSIB0000711 PAN No. AAATG4268N ਪੰਜਾਬ ਐਂਡ ਸਿੰਧ ਬੈਂਕ, ਸੈਕਟਰ 36, ਚੰਡੀਗੜ੍ਹ ਵਿਖੇ ਹੈ ਜੀ। ਸੋਸਾਇਟੀ ਨੂੰ ਭੇਜੀ ਗਈ ਮਾਇਆ ਤੇ Income Tax ਦੀ ਧਾਰਾ 80-G ਦੇ ਅੰਤਰਗਤ ਛੋਟ ਉਪਲਬਧ ਹੈ।